NO.
DATE

(ਪ)

# ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦਾ
# ਮਾਈਆਂ ਨੂੰ
# ਅੰਮ੍ਰਿਤੁ ਛਕਾਉਣ
ਅਤੇ
# ਆਨੰਦ ਕਾਰਜ
# ਦੀ
# ਰਸਮ ਦਾ ਰਾਲੂ
# ਕਰਨਾ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

NO. 1
DATE

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ

**ਯਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।**

**ਧਰਮ ਚਲਾਵਨ ਸੰਤ ਉਬਾਰਨ।**

**ਦੁਸਟ ਸਭਨ ਕੋ ਮੂਲ ਉਪਾਰਨ।**

ਜਦੋਂ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਨੇ ਭਾਣਾ ਵਰਤਾਇਆ ਸੀ ਤਾਂ ਸ੍ਰੀ ਸਤਿਗੁਰ ਗੋਬਿੰਦ ਸਿੰਘ ਜੀ ਨੇ ਵਿਚਾਰਿਆ ਕਿ ਹੁਣ ਜ਼ੁਲਮ ਦੀ ਅਤਿ ਹੋ ਗਈ ਹੈ ਇਸ ਲਈ

**ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।**

**ਹਲਾਲ ਅਸਤੋ ਬੁਰਦਨ ਬ ਸ਼ਮਸ਼ੀਰ ਦਸਤ।**

ਆਪ ਜੀ ਨੇ ਗੱਦੀ ਨਸ਼ੀਨ ਹੁੰਦਿਆਂ ਹੀ, ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨ ਲਈ, ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਸਭ ਸਿੱਖਾਂ ਨੂੰ ਹੁਕਮ ਕਰ ਦਿੱਤਾ ਕਿ ਜਿਸ ਨੇ ਗੁਰੂ ਕੀਆਂ ਖੁਸ਼ੀਆਂ ਲੈਣੀਆਂ ਹੋਣ ਉਹ ਚੰਗੇ ਸ਼ਸਤਰ ਅਤੇ ਚੰਗੇ ਘੋੜੇ ਲਿਆਵੇ। ਗੁਰੂ ਜੀ ਦਾ ਹੁਕਮ ਸੁਣ ਕੇ ਸਿੱਖ ਭੇਟਾ ਵਜੋਂ ਚੰਗੇ ਚੰਗੇ ਸ਼ਸਤਰ ਅਤੇ ਘੋੜੇ ਲਿਆਉਣ ਲਗ ਪਏ। ਹਜ਼ਾਰਾਂ ਸਿੱਖਾਂ ਨੇ ਡੇਰਾ ਹੀ ਅਨੰਦ ਪੁਰ ਸਾਹਿਬ ਲਾ ਲਿਆ। ਸਤਿਗੁਰੂ ਜੀ ਆਪ ਵੀ ਸ਼ਸਤਰ ਚਲਾਉਣ ਦਾ ਅਭਿਆਸ ਕਰਦੇ ਅਤੇ ਸਿੱਖਾਂ ਨੂੰ ਵੀ ਘੋੜ ਸਵਾਰੀ, ਨੇਜ਼ਾ ਬਾਜ਼ੀ, ਗਤਕਾ ਅਤੇ ਹੋਰ ਕਈ ਪਰਕਾਰ ਦੇ ਸ਼ਸਤਰ ਚਲਾਉਣ ਦੀ ਸਿਖਿਆ ਦਿੰਦੇ। ਥੋੜੇ ਦਿਨਾਂ ਵਿਚ ਹੀ ਡਰਪੋਕ ਤੋਂ ਡਰਪੋਕ ਸਿੱਖ ਵੀ ਤਿਆਰ ਬਰ ਤਿਆਰ ਸੂਰਮੇ ਬਣ ਗਏ। ਇਕ ਤਕੜੀ ਫੌਜ ਤਿਆਰ ਹੋ ਗਈ। ਫੌਜ ਵਾਸਤੇ ਕਿਲਾ ਵੀ ਬਣ ਗਿਆ। ਇਕ ਬਹੁਤ ਵੱਡਾ ਨਗਾਰਾ ਵੀ ਤਿਆਰ ਹੋ ਗਿਆ। ਇਸ ਨਗਾਰੇ ਦਾ ਨਾਮ "ਰਣਜੀਤ ਨਗਾਰਾ" ਰਖਿਆ ਗਿਆ ਜਦੋਂ ਇਹ ਨਗਾਰਾ ਵਜਦਾ ਸੀ, ਇਸ ਦੀ ਆਵਾਜ਼ ਦੂਰ ਦੂਰ ਤਕ ਬੱਦਲ ਵਾਂਙੂ ਗਰਜਦੀ ਸੁਣਾਈ ਦਿੰਦੀ ਸੀ। ਸਤਿਗੁਰੂ ਜੀ ਦੀਆਂ ਜੰਗੀ ਤਿਆਰੀਆਂ ਦੀ ਖ਼ਬਰ ਦੂਰ ਦੂਰ ਤਕ ਫੈਲ ਗਈ ਸੀ। ਕਈ ਵਾਰ ਪਹਾੜੀ ਰਾਜਿਆਂ ਨਾਲ ਲੜਾਈ ਹੋਈ ਹਰ ਵਾਰ ਰਾਜਿਆਂ ਦੀ ਹਾਰ ਹੀ ਹੋਈ। ਇਸ ਤੋਂ ਇਲਾਵਾ ਮੁਗਲ ਸੈਨਾ ਨਾਲ ਵੀ

ਚਾਰ ਜੰਗ ਹੋਏ । ਮੁਸਲਮਾਨ ਕੁਰਾਨ ਦੀ ਕਸਮ ਖਾ ਕੇ ਵੀ ਵਲ ਛਲ ਕਰਦੇ ਰਹੇ । ਸਿੱਖ ਭਾਵੇਂ ਗਿਣਤੀ ਵਿਚ ਬਹੁਤ ਥੋੜੇ ਸਨ ਪਰ ਫਿਰ ਵੀ ਹਰ ਜੰਗ ਵਿਚ ਮੁਗਲ ਸੈਨਾ ਦੇ ਦੰਦ ਖੱਟੇ ਹੀ ਕਰਦੇ ਰਹੇ ।

ਸ੍ਰੀ ਗੁਰ ਗੋਬਿੰਦ ਸਿੰਘ ਜੀ ਨੇ ਇਹ ਜੰਗ ਕਿਸੇ ਲਾਲਚ ਵਾਸਤੇ ਜਾਂ ਕਿਸੇ ਰਾਜ ਦੀ ਪ੍ਰਾਪਤੀ ਵਾਸਤੇ ਨਹੀਂ ਸਨ ਕੀਤੇ, ਇਹ ਸਿਰਫ ਮਜ਼ਲੂਮਾਂ ਦੀ ਰੱਖਿਆ ਕਰਨ ਖਾਤਰ, ਧਰਮ ਦੀ ਜੈ ਕਰਨ ਖਾਤਰ, ਸੰਤਾਂ ਸਾਧੂਆਂ ਦੇ ਉਧਾਰਨ ਖਾਤਰ ਅਤੇ ਦੁਸ਼ਟਾਂ ਅਥਵਾ ਜ਼ਾਲਮਾਂ ਦੇ ਜ਼ੁਲਮ ਨੂੰ ਖਤਮ ਕਰਨ ਵਾਸਤੇ ਕੀਤੇ ਸਨ

ਹੈਰਾਨੀ ਹੁੰਦੀ ਹੈ ਜਦੋਂ ਇਹ ਸੁਣੀਦਾ ਹੈ ਕਿ

"ਚਿੜੀਆਂ ਕੋਲੋਂ ਬਾਜ਼ ਡਰਕੇ ਭਜਦੇ ਰਹੇ"

ਇਸ ਦਾ ਕਾਰਨ ਕੀ ਸੀ ? ਇਹ ਸਿਰਫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਸੀ

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ

ਅਥਵਾ ਜਾ ਕੋ ਰਾਖੇ ਸਾਂਵਰਾ ਮਾਰਨ ਸਾਕੈ ਕੋਇ,

ਬਾਲ ਨਾ ਬਾਂਕਾ ਕਰ ਸਕੈ

(ਭਾਵੇਂ) ਸਭ ਜਗ ਵੈਰੀ ਹੋਇ ।

ਹੁਣ ਜ਼ਰਾ ਸੋਚੀਏ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸਤਰ੍ਹਾਂ ਗਿਦੜਾਂ ਤੋਂ ਸ਼ੇਰ ਬਣਾ ਦਿੱਤਾ ਸੀ ? ਉਨ੍ਹਾਂ ਨੇ ਆਪਣੇ ਸੇਵਕਾਂ ਨੂੰ ਇਕ ਅਦਭੁਤ ਵਸਤੂ "ਅੰਮ੍ਰਿਤ" ਦੀ ਦਾਤ ਬਖਸ਼ੀ ਸੀ । ਇਸ ਅੰਮ੍ਰਿਤ ਵਿਚ ਗੁਰੂ ਸਾਹਿਬ ਜੀ ਨੇ ਜੰਤ੍ਰ, ਮੰਤ੍ਰ ਅਤੇ ਤੰਤ੍ਰ ਤਿੰਨੇ ਚੀਜ਼ਾਂ ਪਾਈਆਂ ਸਨ । ਅੰਮ੍ਰਿਤ ਦੀ ਦਾਤ ਨਾਲ ਸਿੱਖੀ ਰਹਿਤ ਮਰਯਾਦਾ ਵੀ ਬਖਸ਼ੀ । ਸ੍ਰੀ ਗੁਰ ਸਾਹਿਬ ਜੀ ਨੇ ਮਿਟ ਰਹੀ ਹਿੰਦੂ ਮਰਯਾਦਾ ਨੂੰ ਸੁਰਜੀਤ ਕਰਕੇ ਸਿਖਾਂ ਨੂੰ ਦਿੱਤੀ । ਆਪ ਜੀ ਨੇ ਅਪਣੇ ਚੇਲਿਆਂ ਨੂੰ ਕੁਝ ਇਸ ਤਰ੍ਹਾਂ ਦਾ ਆਦੇਸ਼ ਦਿੱਤਾ

ਪੰਜ ਕਕਾਰ, ਕੇਸ ਕੰਘਾ ਕੜਾ ਕਿਰਪਾਨ ਅਤੇ ਕਛਹਿਰੇ ਦੇ ਧਾਰਨੀ ਬਣੋ

ਅਪਣੇ ਨਾਮ ਨਾਲ "ਸਿੰਘ" ਪਦ ਜ਼ਰੂਰ ਲਾਓ

ਅੰਮ੍ਰਿਤ ਵੇਲੇ ਸਣਕੇਸੀ ਇਸ਼ਨਾਨ ਕਰਕੇ ਭਜਨ ਕਰੋ ਅਤੇ ਗੁਰਬਾਣੀ ਦਾ ਪਾਠ ਕਰੋ

ਗਊ, ਗਰੀਬ ਦੀ ਰੱਖਿਆ ਕਰੋ । ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰੋ

ਮਾਸ ਸ਼ਰਾਬ ਦਾ ਤਿਆਗ ਕਰੋ

"ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ" ਤੇ ਅਮਲ ਕਰੋ

ਇਕ ਅਕਾਲ ਤੇ ਭਰੋਸਾ ਰਖੋ ਅਥਵਾ "ਇਕ ਬਿਨੁ ਦੂਸਰ ਸੋ ਨ ਚਿਨਾਰ"

ਗੁਰੂ ਸਾਹਿਬ ਜੀ ਲਿਖਦੇ ਹਨ :-

ਬਿਨੁ ਹਰਿ ਨਾਮ ਨ ਬਾਚਨ ਪੈ ਹੈ ।
ਚੌਦਹ ਲੋਕ ਜਾਹਿ ਬਸਿ ਕੀਨੇ ਤਾ ਤੇ ਕਹਾ ਪਲੈ ਹੈ ।

ਜਿਥੇ ਆਪ ਜੀ ਲੋਕ ਪਰਲੋਕ ਸਵਾਰਨ ਵਾਸਤੇ ਅਤੇ ਆਤਮ ਸੁਧੀ ਵਾਸਤੇ ਬਾਣੀ ਪੜ੍ਹਨ ਅਤੇ ਗੁਰੂ ਦੁਆਰਾ ਨਾਮ ਪ੍ਰਾਪਤ ਕਰਕੇ ਨਾਮ ਜਪਣ ਦੀ ਸਿੱਖਿਆ ਦਿੰਦੇ ਹਨ ਉੱਥੇ ਸਰੀਰਕ ਸੁਧੀ ਵਾਸਤੇ ਇਸ਼ਨਾਨ ਪਾਣੀ ਕਰਨ ਅਤੇ ਨਿਗੁਰੇ ਕੋਲੋਂ ਪ੍ਰਸ਼ਾਦ ਆਦਿ ਲੈ ਕੇ ਨ ਖਾਨ ਪੀਣ ਵਾਸਤੇ ਵੀ ਸਿਖਿਆ ਦਿੰਦੇ ਹਨ

ਜਹਾਂ ਕਹਾਂ ਕਾ ਛਕੈ ਪ੍ਰਸ਼ਾਦਿ ।
ਸਿਖ ਨਹੀ ਮੇਰਾ ਆਦਿ ਜੁਗਾਦਿ ।

ਅਤੇ

ਜਾ ਕੀ ਰਹਿਤ ਨ ਜਾਣੀਏ ਗੁਰ ਮੰਤਰ ਨਹੀ ਚੀਤ ।
ਉਨ ਕਾ ਭੋਜਨ ਖਾਇ ਕੈ ਵਿਸਰੈ ਹਰਿ ਸਿਉ ਪ੍ਰੀਤ ।

ਗੁਰੂ ਸਾਹਿਬ ਜੀ ਨੇ ਰਹਿਤ ਮਰਯਾਦਾ ਰਖਣ ਵਾਸਤੇ ਬੜੀ ਪੱਕੀ ਕੀਤੀ ਅਤੇ ਕਿਹਾ ਸੁਣਹੁ ਸਿੱਖੋ ਤੁਹਾਨੂੰ ਭੁਲੇਖਾ ਨ ਰਹਿ ਜਾਏ

ਰਹਿਣੀ ਰਹੈ ਸੋਈ ਸਿਖ ਮੇਰਾ ।
ਓਹੁ ਠਾਕੁਰ ਮੈ ਉਸ ਕਾ ਚੇਰਾ ।

ਸਿੱਖਾਂ ਨੇ ਬੜੇ ਚਾਅ ਅਤੇ ਖੁਸ਼ੀ ਨਾਲ ਰਹਿਤ ਮਰਯਾਦਾ ਦਾ ਪਾਲਣ ਕੀਤਾ । ਜੰਗਾਂ ਜੁੱਧਾਂ ਦੇ ਸਮੇਂ ਵੀ ਮਰਯਾਦਾ ਦੇ ਧਾਰਨੀ ਬਣੇ ਰਹੇ । ਇਸ਼ਨਾਨ ਵੀ ਸਣਕੇਸੀ ਕਰਦੇ ਭਜਨ ਵੀ ਕਰਦੇ ਅਤੇ ਗੁਰਬਾਣੀ ਦਾ ਪਾਠ ਵੀ ਜ਼ਰੂਰ ਕਰਦੇ ।ਸਿੱਖ ਮਰਯਾਦਾ ਦੇ ਇੰਨੇ ਪੱਕੇ ਸਨ ਕਿ ਔਕੜ ਵੇਲੇ ਸ਼ਹੀਦ ਤਾਂ ਹੋ ਜਾਂਦੇ ਸਨ ਪਰ ਅਪਣਾ ਧਰਮ ਨਹੀਂ ਸਨ ਛੱਡਦੇ । ਇਹ ਇਨ੍ਹਾਂ ਦੇ ਚੰਗੇ ਚਰਿਤਰ ਅਤੇ ਮਰਯਾਦਾ ਵਿਚ ਚਲਣ ਦਾ ਮੋਜਿਜ਼ਾ ਸੀ ਕਿ ਸਿੱਖਾਂ ਨੇ ਬੜੀ ਥੋੜੀ ਗਿਣਤੀ ਵਿਚ ਹੁੰਦਿਆਂ ਵੀ ਮੁਗਲ ਰਾਜ ਨੂੰ ਖੋਖਲਾ ਕਰ ਦਿੱਤਾ ਅਤੇ ਅਖੀਰ ਪੰਜਾਬ ਵਿਚ ਖਾਲਸਾ ਰਾਜ ਵੀ ਕਾਇਮ ਕਰ ਲਿਆ ।

ਮਹਾਰਾਜਾ ਰਣਜੀਤ ਸਿੰਘ ਜੀ ਇਕ ਵੱਡੇ ਰਾਜੇ ਹੁੰਦਿਆ ਹੋਇਆਂ ਵੀ ਸਿਖੀ ਨਿਯਮਾਂ ਦਾ ਪੂਰਾ ਸਤਿਕਾਰ ਕਰਦੇ ਸਨ,ਜੇ ਕੋਈ ਗਲਤੀ ਹੋ ਜਾਂਦੀ ਤਾਂ ਸਾਧ ਸੰਗਤ ਪਾਸੋਂ ਹੱਥ ਜੋੜ ਕੇ ਬਖਸ਼ਾਉਣ ਵਾਸਤੇ ਕਦੀ ਸ਼ਰਮ ਨਹੀਂ ਸਨ ਕਰਦੇ ਮਹਾਰਾਜੇ ਦੇ ਰਾਜ ਵਿਚ ਪਰਜਾ ਬੜੀ ਸੁਖੀ ਸੀ । ਮਹਾਰਾਜਾ ਆਪ ਭੇਸ ਬਦਲ ਕੇ ਗਰੀਬਾਂ ਦੀ, ਬੁਢਿਆਂ ਦੀ ਅਤੇ ਆਜਿਜ਼ਾਂ ਦੀ ਸਹਾਇਤਾ ਕਰਦਾ ਰਹਿੰਦਾ, ਕਈ ਵੇਰ ਤਾਂ ਉਹ ਕਮਜ਼ੋਰ ਆਦਮੀਆਂ ਦੇ ਦਾਨੇ ਆਪਣੇ ਸਿਰ ਤੇ ਚੁੱਕ ਕੇ ਉਨ੍ਹਾਂ ਦੇ ਘਰੀਂ ਵੀ ਛੱਡ ਆਉਂਦਾ । ਇਸ ਰਾਜ ਵਿਚ ਹਿੰਦੂਆਂ, ਮੁਸਲਮਾਨਾਂ ਸਿੱਖਾਂ ਅਤੇ ਹੋਰ ਸਾਰੇ ਧਰਮਾਂ ਦੇ ਆਦਮੀਆਂ ਨੂੰ ਅਪਣੇ ਅਪਣੇ ਧਰਮ ਅਨੁਸਾਰ ਇਬਾਦਤ, ਪੂਜਾ ਅਥਵਾ ਬੰਦਗੀ ਕਰਨ ਦੀ ਖੁਲ੍ਹ ਸੀ । ਉਸ ਕੰਮ ਦੇ ਕਰਨ ਦੀ ਸਖਤ ਮਨਾਹੀ ਸੀ ਜਿਸ ਦੇ ਕਰਨ ਨਾਲ ਕਿਸੇ ਧਰਮ ਨੂੰ ਠੇਸ ਲਗਦੀ ਹੋਵੇ। ਇਸੇ ਲਈ ਗਊ ਮਾਰਨ ਵਾਲੇ ਵਾਸਤੇ ਮੌਤ ਦੀ ਸਜ਼ਾ ਸੀ।

ਇਕ ਕਵੀ ਲਿਖਦਾ ਹੈ

ਮਾਇਆ ਕਹੇ ਮੈਂ ਸਭ ਤੋਂ ਵੱਡੀ ਮੈਨੂੰ ਖਲਕਤ ਸਿਜਦਾ ਕਰਦੀ ।
ਸੂਰਤ ਕਹੇ ਮੈਂ ਸਭ ਤੋਂ ਵੱਡੀ ਮੈਨੂੰ ਖਲਕਤ ਨਿਉਂ ਨਿਉਂ ਚਲਦੀ ।
ਅਕਲ ਕਹੇ ਮੈਂ ਸਭ ਤੋਂ ਵੱਡੀ ਮੈਂ ਵਿਚ ਕਚਹਿਰੀ ਲੜਦੀ ।
ਪਰ ਹੋਣੀ ਕਹੇ ਮੈਂ ਸਭ ਤੋਂ ਵੱਡੀ ਮੈਂ ਜੋ ਚਾਹਾਂ ਸੋ ਕਰਦੀ ।

ਸੰਤ ਧਿਆਨ ਸਿੰਘ ਜੀ ਲਿਖਦੇ ਹਨ

ਨੇਤੀ ਨੇਤ ਲਿਖੀ ਜੀਉ ਭਾਈ
ਕਾਹੂ ਤੇ ਨਹੀਂ ਜਾਤ ਮਿਟਾਈ

ਕਹਿੰਦੇ ਹਨ ਕਿ ਕਾਲ ਦਾ ਚੱਕਰ ਹਮੇਸ਼ਾ ਚਲਦਾ ਰਹਿੰਦਾ ਹੈ। ਉਹ ਕਿਸੇ ਦਾ ਵੀ ਲਿਹਾਜ ਨਹੀਂ ਕਰਦਾ

ਧਨਵੰਤਾ ਅਰੁ ਨਿਰਧਨ ਮਨਈ ਤਾਕੀ ਕਛੂ ਨ ਕਾਨੀ ਰੇ ।
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ।

ਮਹਾਰਾਜਾ ਰਣਜੀਤ ਸਿੰਘ ਜੀ ਸੰਨ ੧੮੩੯ ਵਿਚ ਸੁਵੱਰਗ ਸਿਧਾਰ ਗਏ ਅਤੇ ਇਸ ਦੇ ਪਿਛੋਂ ਖਾਲਸੇ ਰਾਜ ਵਿਚ ਐਸੀ ਭਾਵੀ ਵਰਤੀ ਕਿ ਰਾਜ ਗੱਦੀ ਵਾਸਤੇ

ਜਿਹੜਾ ਬਹੇ ਗੱਦੀ ਉਸ ਨੂੰ ਮਾਰ ਦੇਂਦੇ
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਮਹਾਰਾਜਾ ਲੌ ਰਹਾ ਨਾ ਪੰਥ ਕਾ ਪੁਰਾਨਾ ਢੰਗ,
ਫਿਰ ਬਦਲਾਨਾ ਰੰਗ ਕੂਪ ਭੰਗ ਜਿਉ ਪਰੈ ।

ਮਹਾਰਾਜਾ ਰਣਜੀਤ ਸਿੰਘ ਤੱਕ ਤਾਂ ਪੰਥ ਦਾ ਪੁਰਾਣਾ ਢੰਗ ਰਿਹਾ - ਸਿੱਧੇ ਦਸਤਾਰੇ ਖੁੱਲੇ ਅਥਵਾ ਸਿੱਧੇ ਦਾੜ੍ਹੇ ਅਤੇ ਸਿੱਖੀ ਮਰਯਾਦਾ ਦਾ ਧਾਰਨ ਕਰਨਾ ।
ਪਰ ਮਹਾਰਾਜੇ ਦੇ ਪਿੱਛੋਂ ਸਿੱਖੀ ਚਰਿੱਤਰ ਵਿਗੜ ਗਿਆ । ਜਿਸ ਤਰ੍ਹਾਂ ਖੂਹ ਵਿਚ ਭੰਗ ਸੁੱਟਣ ਨਾਲ ਖੂਹ ਦੇ ਸਵੱਛ ਅਤੇ ਨਿਰਮਲ ਜਲ ਦਾ ਰੰਗ ਵੀ ਬਦਲ ਜਾਂਦਾ ਹੈ ਅਤੇ ਉਸ ਵਿਚੋਂ ਦੁਰਗੰਧ ਵੀ ਆਉਣ ਲਗ ਪੈਂਦੀ ਹੈ ਇਸੇ ਤਰ੍ਹਾਂ ਸਿੱਖੀ ਦੀ ਹਾਲਤ ਹੋਈ । ਸਿੱਖ ਕਹਿਲਾਉਣ ਵਾਲੇ ਆਪ ਹੀ ਸਿੱਖੀ ਮਰਯਾਦਾ ਤੋਂ ਨਫਰਤ ਕਰਨ ਲੱਗ ਪਏ । ਇਸ ਸਮੇਂ ਦੇ ਬਾਰੇ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ

ਜਾਗ ਜਿਨ ਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈਂ,

ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਰਾਂ ਬਖਯਾਤੀ,
ਪਾਇ ਹੈਂ ਨ ਛਾਤੀ, ਮੂਸ ਖਾਤ ਗ੍ਰੰਥ ਜੋ ਪਰੈਂ ।

ਜਪੁਜੀ ਨ ਰਹਿਰਾਸ, ਪੜ੍ਹੈਂ ਸੁਨੈ ਕਬੀ ਖ਼ਾਸ,
ਔਰ ਜੋ ਪਵਿਤ ਪਾਸ, ਨਾਸ ਤਿਨ ਜੋਂ ਕਰੈਂ

ਕਹਾਂ ਰਬ ਬਹਿਰਾ ਹੈ, ਗਹਿਰਾ ਪੁਕਾਰੇ ਜੋ ਤੂੰ
ਸ਼ਹਿਰਾਂ ਮੈਂ ਜਾਇ ਨੁਕਮੈਂ ਸੁਣਾਇ ਲੈ ਤਰੈਂ

ਭਾਵ ਹੈ ਕਿ ਕਵੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਪਹਿਲੇ ਵਾਲੇ ਸਿੱਖਾਂ ਦੇ ਉੱਚੇ ਸੁੱਚੇ ਚਰਿੱਤਰ ਅਤੇ ਪਿੱਛੋਂ ਵਾਲੇ ਸਿੱਖਾਂ ਦੇ ਨੀਚ ਚਰਿੱਤਰ ਬਾਰੇ ਲਿਖਦਾ ਹੈ ਕਿ ਪਹਿਲੇ ਵਾਲੇ ਸਿੱਖ ਅਪਣੇ ਭਜਨ ਬਾਣੀ ਦੇ ਨਿਤ ਨੇਮ ਦੇ ਇੰਨੇ ਪੱਕੇ ਸਨ ਕਿ ਇਸ਼ਨਾਨ ਕਰਕੇ ਅਪਣਾ ਨਿਤ ਨੇਮ ਪੂਰਾ ਕਰਨ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਨਾਂ ਤਾਂ ਪਾਣੀ ਪੀਂਦੇ ਸਨ ਅਤੇ ਨਾ ਹੀ ਲੰਗਰ ਛਕਦੇ ਸਨ । ਸਿੱਖੀ ਚਰਿੱਤਰ ਵਿਚ ਗਿਰਾਵਟ ਆਉਣ ਕਰਕੇ ਪਿੱਛੋਂ ਵਾਲੇ ਸਿੱਖਾਂ ਦਾ

ਸਿੱਖੀ ਚਰਿੱਤਰ ਇਥੋਂ ਤਕ ਨਿਘਰ ਗਿਆ ਸੀ ਕਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਧੂਪ ਧੁਖਾਉਣ ਅਤੇ ਜੋਤ ਜਗਾਉਣ ਦੀ ਗਲ ਤਾਂ ਕਿਤੇ ਰਹੀ ਇਹ ਤਾਂ ਸ੍ਰੀ ਗ੍ਰੰਥ ਸਾਹਿਬ ਵਲ ਝਾਤੀ ਮਾਰਨੀ ਵੀ ਪਸੰਦ ਨਹੀਂ ਸੀ ਕਰਦੇ। ਇਨ੍ਹਾਂ ਦੀ ਬੇਪਰਵਾਹੀ ਕਰਕੇ ਹੀ ਆਲਿਆਂ ਵਿਚ ਪਈਆਂ ਹੋਈਆਂ ਸ੍ਰੀ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਕਿਤੇ ਸਿਉਂਕ ਲਗੀ ਹੋਈ ਸੀ ਅਤੇ ਕਿਤੇ ਚੂਹੇ ਹੀ ਕੁਤਰਦੇ ਰਹਿੰਦੇ ਸਨ।

ਕੋਈ ਵਿਰਲਾ ਸਿਖ ਹੀ ਜਪੁ ਜੀ ਸਾਹਿਬ ਅਤੇ ਰਹਿਰਾਸ ਦਾ ਪਾਠ ਕਰਦਾ ਹੋਵੇਗਾ ਨਹੀ ਤਾਂ ਆਮ ਹਾਲਤ ਇਹ ਹੋ ਗਈ ਸੀ ਕਿ ਆਪ ਤੇ ਪਾਠ ਕਰਦੇ ਨਹੀਂ ਸਗੋਂ ਜਿਹੜਾ ਕੋਈ ਵਿਰਲਾ ਸਿੱਖ ਕਰਦਾ ਵੀ ਸੀ ਤਾਂ ਉਹਨੂੰ ਟਿੱਚਕਰਾਂ ਅਤੇ ਮਖੌਲ ਕਰਦੇ ਸਨ ਕਿ ਤੂੰ ਜੋ ਉੱਚੀ ਉੱਚੀ ਬੋਲ ਕੇ ਪਾਠ ਕਰਦਾ ਹੈਂ ਕੀ ਤੇਰੇ ਭਾਣੇ ਰੱਬ ਬੋਲਾ ਹੈ?
ਇਨ੍ਹਾਂ ਪਿਛੋਂ ਵਾਲੇ ਸਿੱਖਾਂ ਨੇ ਸ਼ਰਮ ਧਰਮ ਸਭ ਤਿਆਗ ਦਿੱਤੇ ਸਨ। ਇਹ ਤਾਂ ਮਾਸ ਖਾਣ ਵਿਚ ਫਖਰ ਸਮਝਦੇ ਸਨ ਅਤੇ ਸ਼ਰਾਬ ਪੀ ਕੇ ਰੰਗ ਰਲੀਆਂ ਮਾਨਣ ਵਿਚ ਇੱਜਤ ਅਤੇ ਵਡਿਆਈ ਸਮਝਦੇ ਸਨ।

ਇਨ੍ਹਾਂ ਪਿਛੋਂ ਵਾਲੇ ਸਿੱਖਾਂ ਨੂੰ ਸਿੱਖੀ ਨਾਲ ਇੰਨੀ ਨਫ਼ਰਤ ਹੋ ਗਈ ਸੀ ਕਿ ਇਹ ਤਾਂ ਸਿੱਖੀ ਬਾਣਾ ਵੀ ਪਸੰਦ ਨਹੀਂ ਸੀ ਕਰਦੇ। ਇਨ੍ਹਾਂ ਨੇ ਤਾਂ

ਡਾਰੇ ਦੁਸਤਾਰੇ, ਸਾਫੇ ਭਾਰੇ ਹੈਂ ਸੰਭਾਰੇ ਕਛੇ ਤਜ ਗਏ, ਧੋਤੀ ਸੁਥੁ ਤੰਗ ਤਨਕੈ।
ਧਾਰੇ ਹੈਂ ਗਰਾਰੇ ਤੰਬੇ, ਤਹਿਮਤ ਅਧਿਕ ਲੰਬੇ, ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨਕੈ।

ਭਾਵ ਜਿਥੇ ਪਹਿਲੇ ਸਿੱਖ ਸੋਹਣੇ ਸਿੱਧੇ ਦਸਤਾਰੇ ਸਜਾਂਦੇ ਸਨ, ਉਥੇ ਪਿਛੋਂ ਵਾਲੇ ਸਿੱਖਾਂ ਨੇ ਸਿੱਧੇ ਦਸਤਾਰੇ ਸਜਾਣੇ ਛੱਡ ਦਿੱਤੇ ਅਤੇ ਮੁਸਲਮਾਨਾਂ ਵਾਂਙ ਪਿਛੇ ਸ਼ਮਲੇ ਰੱਖਕੇ ਸਾਫੇ ਬੰਨ੍ਹ ਲਏ। ਜਿਥੇ ਪਹਿਲੇ ਸਿੱਖ ਪੰਜ ਕਕਾਰ (ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ) ਦੇ ਪੱਕੇ ਧਾਰਨੀ ਸਨ ਉਥੇ ਪਿਛੋਂ ਵਾਲੇ ਸਿਖਾਂ ਨੇ ਕਛਹਿਰੇ ਤਿਆਗ ਦਿੱਤੇ ਸਨ, ਅਤੇ ਧੋਤੀਆਂ ਤੰਬੇ ਗਰਾਰੇ ਅਤੇ ਲੰਮੇ ਲੰਮੇ ਤਹਿਮਤ ਬੰਨ੍ਹ ਲਏ ਸਨ, ਅਤੇ ਉਹ ਚਾਦਰੀਆਂ ਬੰਨ੍ਹੀਆਂ ਜਿਨ੍ਹਾਂ ਨਾਲ ਗਲੀਆਂ ਦਾ ਕੂੜਾ ਵੀ ਸੰਭੀਰਦਾ ਜਾਂਦਾ।
ਸਿੱਖੀ ਦੀ ਵਡੀ ਨਿਸ਼ਾਨੀ, ਕੇਸਾਂ ਦੀ ਇੰਨੀ ਬੇਅਦਬੀ ਕਰਦੇ ਸਨ ਕਿ

ਕੋਈ ਬਾਰ ਪਾਰੈ, ਚਿਰੈ, ਨਾਕ ਨੋਚੈ ਮੋਚਨੇ ਲੈ
ਕੋਊ ਦਾੜੇ ਗੀ ਤ੍ਰਿਖਾੜੈ, ਮੂਛੈਂ ਪਾੜੈਂ ਝਾੜਨ ਜਿਉ

ਭਾਵ ਕਈ ਵਾਲ ਪਾੜਦੇ ਹਨ, ਕਈ ਧੌਲੇ ਚੁਗਦੇ ਹਨ, ਕਈ ਮੋਚਨਿਆਂ ਨਾਲ ਨੱਕ ਦੇ ਵਾਲ ਪੁੱਟਦੇ ਹਨ, ਕਈ ਠੋਡੀ ਤੋਂ ਸਫਾਈ ਕਰਦੇ ਹਨ
ਇਥੇ ਹੀ ਬਸ ਨਹੀਂ ਸਗੋਂ

ਸਰਮ ਹਿਆਉ ਸੁਕਰਮ ਧਰਮ ਤਜ, ਪੈ ਕੁਕਰਮ ਮੈ ਸੋਊ ਮਰੈ

ਭਜਨ ਬਾਣੀ ਅਤੇ ਰਹਿਤ ਮਰਯਾਦਾ ਦੇ ਅਭਾਵ ਕਰਕੇ ਵੱਡੇ ਵੱਡੇ ਸਰਦਾਰ ਖੁਦਗਰਜ਼ ਬਣ ਗਏ ਸਨ ਅਤੇ ਖੁਦਗਰਜ਼ੀ ਕਾਰਨ ਆਗੂਆਂ ਵਿਚ ਇਤਫ਼ਾਕ ਨ ਰਿਹਾ। ਆਪਸੀ ਫੁੱਟ ਕਾਰਨ ਕਈ ਸਰਦਾਰ ਅੰਗਰੇਜ਼ਾਂ ਦੇ ਪਿੱਠੂ ਬਣ ਗਏ ਅਤੇ ਇਹ ਕੌਮ ਧ੍ਰੋਹੀ ਸਿੱਖਾਂ ਦੀਆਂ ਫੌਜਾਂ ਦਾ ਸਾਰਾ ਭੇਦ ਅੰਗਰੇਜ਼ਾਂ ਨੂੰ ਦਸਦੇ ਰਹੇ। ਨਤੀਜਾ ਇਹ ਨਿਕਲਿਆ ਕਿ ਮੁਦਕੀ ਅਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਸਿੱਖ ਫੌਜਾਂ ਬੁਰੀ ਤਰ੍ਹਾਂ ਹਾਰੀਆਂ ਅਤੇ ਇਸ ਹਾਰ ਦੇ ਨਾਲ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ। ਲਾਹੌਰ ਦੇ ਸ਼ਾਹੀ ਕਿਲੇ ਤੇ ਯੂਨੀਅਨ ਜੈਕ ਲਹਿਰਾਇਆ ਗਿਆ। ਮਹਾਰਾਜੇ ਰਣਜੀਤ ਸਿੰਘ ਦੇ ਤੋਸ਼ੇਖਾਨੇ ਦਾ ਸਾਰਾ ਸਮਾਨ ਨੀਲਾਮ ਕੀਤਾ ਗਿਆ। ਕੌਮਘਾਤਕਾਂ ਅਤੇ ਗਦਾਰਾਂ ਨੂੰ ਜਗੀਰਾਂ ਅਤੇ ਇਨਾਮ ਦਿੱਤੇ ਗਏ। ਸਿਖ ਫੌਜਾਂ ਤੋੜ ਦਿੱਤੀਆਂ ਗਈਆਂ। ਸਿੱਖ ਫੌਜਾਂ ਦੇ ਜਥੇਦਾਰਾਂ ਨੂੰ ਗਿਰਫਤਾਰ ਕੀਤਾ ਗਿਆ।

ਪੰਜਾਬ ਤੋਂ ਬਿਨਾਂ ਸਾਰੇ ਭਾਰਤ ਵਿਚ ਤਾਂ ਪਹਿਲਾਂ ਹੀ ਅੰਗਰੇਜ਼ਾਂ ਦਾ ਕਬਜਾ ਹੋ ਚੁਕਿਆ ਸੀ ਪਰ ਹੁਣ ਸਿਖਾਂ ਦੀ ਆਪਸੀ ਫੁੱਟ ਕਾਰਣ ਅਤੇ ਸਿੱਖ ਸਰਦਾਰਾਂ ਦੇ ਸ੍ਰੀ ਦਸਮੇਸ਼ ਜੀ ਦੀ ਬਖਸ਼ੀ ਹੋਈ ਰਹਿਤ ਮਰਯਾਦਾ ਨੂੰ ਤਿਆਗ ਕੇ ਕੁਕਰਮਾਂ ਵਿਚ ਫਸ ਜਾਣ ਕਾਰਣ, ਪੰਜਾਬ ਵੀ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ।

ਪੰਜਾਬ ਦੇ ਕੌਮ ਧਰੋਹੀ ਅਤੇ ਖੁਦਗਰਜ਼ ਸਿੱਖਾਂ ਨੇ ਤਾਂ ਅੰਗਰੇਜ਼ੀ ਰਾਜ ਦੇ ਸੋਹਲੜੇ ਪੜ੍ਹਨੇ ਸ਼ੁਰੂ ਕਰ ਦਿਤੇ। ਉਹ ਤਾਂ ਅੰਗਰੇਜ਼ਾਂ ਨੂੰ ਟੋਪੀ ਵਾਲੇ ਸਿੱਖ ਆਖਦੇ ਅਤੇ ਅੰਗਰੇਜ਼ੀ ਰਾਜ ਵਾਸਤੇ ਅਰਦਾਸਾਂ ਕਰਦੇ ਕਹਿੰਦੇ ਸਨ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ"

ਗੁਰੂ ਦੇ ਭੈ ਤੋਂ ਬਿਨਾਂ ਸਿੱਖਾਂ ਵਿਚ ਸਹਿਜੇ ਸਹਿਜੇ ਸਾਰੇ ਅਉਗੁਣ ਪਰਵੇਸ਼ ਕਰ ਗਏ

"ਅਉਗੁਣ ਫਿਰਿ ਲਾਗੁ ਭਏ"

ਮਾਸ ਖਾਣ, ਸ਼ਰਾਬ ਪੀਣੀ ਆਦਿ ਅਵਗੁਣਾਂ ਨੂੰ ਅਪਣੀ ਸ਼ਾਨ ਅਥਵਾ ਵਡਿਆਈ ਸਮਝਣ ਲਗ ਪਏ ਸਨ। ਸੱਚ ਤਾਂ ਇਹ ਹੈ ਕਿ ਸਿੱਖੀ ਮਰਯਾਦਾ ਦੇ ਤਿਆਗਣ ਨਾਲ ਸ਼ੁੱਧ ਚਰਿੱਤਰ ਵੀ ਜਾਂਦਾ ਰਿਹਾ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਗੁਲਜ਼ਾਰ ਵਿਚ ਪਤ ਝੜ ਆ ਜਾਣੀ ਕੋਈ ਵੱਡੀ ਗਲ ਨਹੀਂ ਕਿਉਂ ਜੋ ਕੌਮਾਂ ਵਿਚ ਉਤਰਾਓ ਚੜ੍ਹਾਓ ਆਉਂਦੇ ਹੀ ਰਹਿੰਦੇ ਹਨ ਨਾਲੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਰੁਕਨ ਦੀਨ ਨੂੰ ਪਹਿਲਾਂ ਹੀ ਇਹ ਕਹਿ ਦਿੱਤਾ ਸੀ ਕਿ ਇਕ ਸਮਾਂ ਆਵੇਗਾ ਜਦੋਂ

(ਸਿੱਖ) ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਜਿਥੇ ਇਹ ਉਪਰਲਾ ਬਚਨ ਕੀਤਾ ਸੀ ਉਥੇ ਨਾਲ ਹੀ ਇਹ ਫੁਰਮਾਇਆ ਸੀ

**ਮੈਂ ਫੇਰ ਕਰੂੰਗਾ ਖਾਲਸਾ ਵੱਸੈ ਵਿਚ ਪੰਜਾਬ**

ਅਤੇ

**ਪੰਥ ਖਾਲਸਾ ਖੇਤੀ ਮੇਰੀ ,**
**ਕਰਹੋਂ ਸੰਭਾਲਨ ਮੈਂ ਤਿਸ ਬੇਰੀ ।**

ਅਪਣੀ ਮੁਰਝਾਈ ਹੋਈ ਸਿੱਖੀ ਰੂਪ ਖੇਤੀ ਦੀ ਸਾਰ ਲੈਣ ਲਈ, ਅਥਵਾ ਸਿੱਖੀ ਨੂੰ ਸੰਭਾਲਣ ਲਈ ਬਾਰ੍ਹਵੇਂ ਨਾਨਕ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਸ਼ਿਕ ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਸੰਮਤ ੧੮੭੨ (ਸੰਨ 1816) ਦੀ ਮਾਘ ਸੁਦੀ ਪੰਚਮੀ ਨੂੰ ਜ਼ਿਲੇ ਲੁਧਿਆਣੇ ਦੇ ਇਕ ਪਿੰਡ ਰਾਈਆਂ (ਸ੍ਰੀ ਭੈਣੀ ਸਾਹਿਬ ਦੇ ਨਾਲ ਲਗਦਾ ਪਿੰਡ) ਵਿਚ ਪਿਤਾ ਸ੍ਰੀ ਬਾਬਾ ਜੱਸਾ ਸਿੰਘ ਜੀ ਅਤੇ ਪੂਜਜ ਮਾਤਾ ਸਦਾ ਕੌਰ ਜੀ ਦੇ ਘਰ ਹੋਇਆ । ਆਪ ਜੀ ਬਚਪਨ ਤੋਂ ਹੀ ਈਸ਼ਵਰ ਧਿਆਨ ਵਿਚ ਮਗਨ ਰਹਿੰਦੇ ਸਨ।

ਕਹਿੰਦੇ ਹਨ ਕਿ ਹੋਨਹਾਰ ਬਰੂਟੇ ਦੇ ਪੱਤੇ ਚੀਕਨੇ ਅਤੇ ਵਿਲੱਖਣ ਹੁੰਦੇ ਹਨ । ਬਚਪਨੇ ਤੋਂ ਹੀ ਸ੍ਰੀ ਸਤਿਗੁਰੂ ਜੀ ਦੀ ਅਦੁੱਤੀ ਸਿਆਣਪ ਦੇ ਚਿੰਨ੍ਹ ਪਰਗਟ ਹੋਣ ਲਗ ਪਏ ਸਨ । ਸ੍ਰੀ ਸਤਿਗੁਰੂ ਜੀ ਨੇ ਪੰਜਾਬੀ ਅੱਖਰ ਅਪਣੀ ਮਾਤਾ ਜੀ ਕੋਲੋਂ ਹੀ ਪੜ੍ਹੇ ਸਨ. ਅਤੇ ਬਚਪਨ ਵਿਚ ਹੀ ਕਈ ਬਾਣੀਆਂ ਕੰਠ ਕਰ ਲਈਆਂ ਸਨ । ਅਨੇਕ ਤਰ੍ਹਾਂ ਦੇ ਚੋਜ ਕਰਦੇ ਹੋਏ ਆਪ ਜੀ ਜਵਾਨ ਹੋਏ ।

ਆਪ ਜੀ ਇਕ ਉੱਚੇ ਸੁਹਣੇ ਜਵਾਨ ਸਨ । ਆਪ ਜੀ ਦਾ ਚਿਹਰਾ ਚੌੜਾ ਸੁੰਦਰ ਨੈਣ , ਤਿੱਖਾ ਨੱਕ, ਲੰਮੀ ਗਰਦਨ ਅਤੇ ਲੰਮੀਆਂ ਭੁਜਾਵਾਂ ਸਨ । ਜਵਾਨੀ ਵਿਚ ਪੈਰ ਧਰਦਿਆਂ ਹੀ ਆਪ ਜੀ ਕੰਵਰ ਨੌਨਿਹਾਲ ਦੀ ਪਲਟਨ ਵਿਚ ਭਰਤੀ ਹੋ ਗਏ ।

Sri Satguru Jagjit Singh Ji Elibrary NamdhariElibrary@gmail.com

ਘੋੜੇ ਥਾਇ, ਜਾਇ ਕੈ ਲਹੌਰ, ਪਲਟਨ ਮਾਂਹਿ,
LAHORE
ਠਾਨ ਲਈ ਨੌਕਰੀ ਪਛਾਨ ਕੈ ਸੁਕ੍ਰਿਤ ਹੈ ।
ਬਾਣੀ ਗੁਰੁ ਕੀ ਪਢੈ ਹੈਂ ਭਜਨ ਕਰੈਂ ਹੈਂ,
ਚੈਹੈਂ ਰਹਿਨੋਂ ਇਕੰਤ, ਦੈ ਹੈਂ ਆਜਜੋ ਕੋ ਚਿਤੁ ਹੈਂ

(ਗਿਆਨੀ ਗਿਆਨ ਸਿੰਘ ਜੀ)

ਫੌਜ ਵਿਚ ਰਹਿੰਦਿਆਂ ਆਪ ਜੀ ਨੇ ਵੇਖਿਆ ਕਿ ਸਿਖ ਨਾਮ ਜਪਣ ਅਤੇ ਬਾਣੀ ਪੜ੍ਹਨੀ ਛੱਡ ਬੈਠੇ ਹਨ । ਅਪਣੇ ਸੱਚੇ ਅਤੇ ਸੁੱਚੇ ਆਚਾਰ ਨੂੰ ਤਿਆਗ ਕੇ ਕੁਕਰਮ ਕਰਨ ਲਗ ਪਏ ਹਨ, ਧਰਮ ਭਾਵਨਾ ਨਹੀ ਰਹੀ, ਨਸ਼ਿਆਂ ਦੀ ਵਰਤੋਂ ਹਦੋਂ ਵਧ ਹੋ ਗਈ ਹੈ, ਖਾਣ ਪੀਣ ਦਾ ਕੋਈ ਪਰਹੇਜ਼ ਨਹੀ ਰਿਹਾ । ਧੜੇ ਬਾਜੀ ਕਾਰਨ ਸਿੱਖ ਕਈ ਧੜਿਆਂ ਵਿਚ ਵੰਡੇ ਗਏ ਹਨ

ਏਕ ਏਕ ਕੇ ਪੰਥ ਨ ਚਲਹੈ
ਏਕ ਏਕ ਕੀ ਬਾਤ ਉਥਲ ਹੈ (ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਆਪ ਜੀ ਨੇ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਸਿੱਖਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਿੱਖੀ ਅਲੋਪ ਹੋ ਗਈ ਹੈ

ਸਿਖੀ ਦਸਮੇਸ ਕੀ ਸੁ ਕੀ ਅਪਰਦੇਸ ਕੀ

ਅਤੇ ਹੁਣ ਅਸਿਖੀ ਪਰੀ ਪੇਸ਼ਗੀ

ਜਿਵੇਂ ਛਿਨਾਰ ਬਨ ਠਨ ਕੈ
(ਵੇਸ਼ਵਾ)

ਫੌਜ ਵਿਚ ਰਹਿੰਦਿਆਂ ਸਤਿਗੁਰੂ ਜੀ ਅਪਣਾ ਨਿਤਨੇਮ ਰੋਜ ਕਰਦੇ ਸਨ, ਭਜਨ ਵੀ ਕਰਦੇ ਅਤੇ ਬਾਣੀ ਵੀ ਪੜ੍ਹਦੇ ਸਨ । ਆਪ ਜੀ ਦੀ ਪ੍ਰੇਰਨਾ ਨਾਲ ਆਪ ਜੀ ਦੀ ਪਲਟਨ ਦੇ ਸਾਰੇ ਫੌਜੀ ਭਜਨ ਬਾਣੀ ਕਰਨ ਲਗ ਪਏ ਸਨ ਅਤੇ ਹੌਲੀ ਹੌਲੀ ਇਸ ਪਲਟਨ ਦਾ ਨਾਮ ਹੀ ਭਗਤਾਂ ਵਾਲੀ ਫੌਜ ਪੈ ਗਿਆ ਸੀ

Sri Satguru Jagjit Singh Ji Elibrary NamdhariElibrary@gmail.com

ਸੰਮਤ ਅਠਾਰਾਂ ਸੌ ਅਠਾਨਵੇਂ ਮੈ ਪਲਟਨ,
ਗਈ ਥੀ ਸੋ ਹਜਰੋ ਮੈਂ, ਰਾਜਕਾਜ ਹਿਤ ਹੈ।

ਸੰਮਤ 1898 (ਸੰਨ 1842) ਵਿਚ ਇਹ ਭਗਤਾਂ ਵਾਲੀ ਫੌਜ ਸਰਕਾਰੀ ਖਜ਼ਾਨਾ ਲੈ ਕੇ ਪਿਸ਼ਾਵਰ ਨੂੰ ਗਈ ਸੀ। ਇਹ ਪਲਟਨ ਰਾਹ ਵਿਚ ਕਈ ਥਾਵਾਂ ਤੇ ਪੜਾਉ ਕਰਦੀ ਜਾ ਰਹੀ ਸੀ। ਇਕ ਪੜਾਉ ਸ੍ਰੀ ਹਜਰੋ ਸਾਹਿਬ ਵੀ ਕੀਤਾ। ਇਥੇ ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਬੜੀ ਪ੍ਰਸਿੱਧੀ ਸੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੁਭਾਵ ਸਾਧੂ ਸੰਤਾਂ ਦੇ ਦਰਸ਼ਨ ਕਰਨ ਵਾਲਾ ਸੀ ਜਿੱਥੇ ਕਿੱਥੇ ਵੀ ਕਿਸੇ ਸਾਧੂ ਸੰਤ ਦਾ ਪਤਾ ਲਗਦਾ, ਉਸ ਦੇ ਦਰਸ਼ਨ ਕਰਨ ਵਾਸਤੇ ਜ਼ਰੂਰ ਜਾਂਦੇ

ਸੰਤਨ ਕੇ ਮਿਲਬੇ ਕਾ ਸੌਕ ਥਾ ਮਹਾਨ
ਰਾਮ ਸਿੰਘ ਦਰਸਾਤੋਂ ਯਾਂ ਤੈ ਜਾਏ ਜਿਤ ਕਿਤਹੀ।

(ਗਿਆਨੀ ਗਿਆਨ ਸਿੰਘ ਜੀ)

ਹਜ਼ਰੋ ਵਿਚ ਜਦੋਂ ਆਪ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਪ੍ਰਸਿੱਧੀ ਸੁਣੀ ਤਾਂ ਆਪ ਜੀ ਨੇ ਅਪਣੇ ਕਮਾਂਡਰ (Commander) ਤੋਂ ਆਗਿਆ ਲੈ ਕੇ ਅਪਣੇ ਕਈ ਫੌਜੀ ਸਾਥੀਆਂ ਸਮੇਤ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਗਏ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਤਸੰਗ ਵਾਲੀ ਥਾਂ ਤੇ ਪੁਜੇ ਉਦੋਂ ਉੱਥੇ ਸ੍ਰੀ ਗੁਰੂ ਬਾਲਕ ਸਿੰਘ ਜੀ ਇਸ ਸ਼ਬਦ ਦੀ ਕਥਾ ਕਰ ਰਹੇ ਸਨ :-

**ਠਾਕੁਰ ਤੁਮ੍ ਸਰਣਾਈ ਆਇਆ**
**ਉਤਰਿ ਗਇਓ ਮੇਰੇ ਮਨ ਕਾ ਸੰਸਾ, ਜਬ ਤੇ ਦਰਸਨੁ ਪਾਇਆ।**

ਮਰਯਾਦਾ ਪਰਸ਼ੋਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸੰਗਤ ਵਿਚ ਜਾ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਬੜੇ ਸਤਿਕਾਰ ਸਹਿਤ ਬਚਨ ਕੀਤਾ

**"ਆਓ ਠਾਕੁਰ ਜੀ ਮਹਾਰਾਜ! ਅਸੀਂ ਤਾਂ ਬੜੇ ਚਿਰਾਂ ਤੋਂ**
**ਆਪ ਜੀ ਦੀ ਉਡੀਕ ਕਰ ਰਹੇ ਹਾਂ"**

ਇੰਨ੍ਹਾਂ ਬਚਨ ਕਰ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਉੱਠ ਕੇ ਸ੍ਰੀ ਸਤਿਗੁਰੂ

ਰਾਮ ਸਿੰਘ ਜੀ ਜੱਫੀ ਪਾ ਕੇ ਮਿਲੇ ਅਤੇ ਅਪਣੇ ਕੋਲ ਹੀ ਗੱਦੀ ਤੇ ਬੈਠਾ ਲਿਆ ਅਤੇ ਸਾਰੀ ਸੰਗਤ ਨੂੰ ਦੱਸਿਆ ਕਿ ਇਹ ਓਹੀ ਠਾਕੁਰ ਜੀ ਹਨ ਜਿਨ੍ਹਾਂ ਬਾਰੇ ਮੈਨੂੰ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਹੁਕਮ ਕਰ ਗਏ ਸਨ ਕਿ ਅਸੀਂ ਆਪ ਹੀ ਇਥੇ ਆ ਕੇ ਅਪਣੀ ਅਮਾਨਤ (ਗੁਰਗੱਦੀ) ਲੈ ਲਵਾਂਗੇ ਅਤੇ ਉਹ ਹੀ ਹਨ ਜਿਨ੍ਹਾਂ ਬਾਰੇ ਲਿਖਿਆ ਹੈ

**ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ ।**
**ਸ਼ਕਤਿ ਅਨੰਤੀ ਆਇ ਹੈਂ, ਆਦਿ ਇਹੈ, ਨਹੀਂ ਔਰ ॥**

ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਖੁੱਦ ਅਕਾਲ ਪੁਰਖ ਹਨ ਪਰ ਗੁਰਮਤ ਮਰਯਾਦਾ ਅਨੁਸਾਰ ਹਲੀ ਤਕ ਭਜਨ ਨਹੀਂ ਸੀ ਲਿਆ ਹੋਇਆ । ਮਰਯਾਦਾ ਨੂੰ ਮੁਖ ਰਖ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੰਨ ਵਿਚ ਭਜਨ ਦਿੱਤਾ ਅਤੇ ਫਿਰ ਨਾਲ ਆਏ ਦੂਜੇ ਸਾਥੀਆਂ ਨੇ ਵੀ ਅਰਜ਼ ਕਰਕੇ ਭਜਨ ਲਿਆ । ਭਜਨ ਦੇਣ ਉਪਰੰਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੱਗੇ ਪੰਜ ਪੈਸੇ ਅਤੇ ਇਕ ਨਾਰੀਅਲ (ਗੁਰਿਆਈ ਦੇਣ ਦੀ ਮਰਯਾਦਾ) ਰਖ ਕੇ ਪਹਿਲਾਂ ਆਪ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮੱਥਾ ਟੇਕਣ ਦਾ ਹੁਕਮ ਦਿੱਤਾ । ਇਸ ਤਰ੍ਹਾਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਵਾਲੀ ਅਮਾਨਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤੀ ।

ਸਰਕਾਰੀ ਕੰਮ ਕਰਕੇ ਸਾਰੀ ਪਲਟਨ, ਸਤਿਗੁਰੂ ਜੀ ਸਮੇਤ ਲਾਹੌਰ ਆ ਗਈ । ਫੌਜ ਵਿਚ ਰਹਿੰਦਿਆਂ ਆਪ ਜੀ ਨੇ ਅਨੁਭਵ ਕਰ ਲਿਆ ਸੀ ਕਿ ਸਿੱਖ ਫੌਜ ਵਿਚ ਢਲਾਈ ਆ ਗਈ ਹੈ ਅਤੇ ਸਿੱਖ ਅਨੇਕ ਕੁਰੀਤੀਆਂ ਦੇ ਸ਼ਿਕਾਰ ਹੋ ਚੁਕੇ ਹਨ । ਸਿੱਖ ਸਰਦਾਰ, ਜਗੀਰਾਂ ਦੇ ਅਫਰਾ ਨਾਲ ਸਿੱਖੀ ਚਰਿਤਰ, ਸਿੱਖੀ ਰਹਿਤ ਅਥਵਾ ਸਿੱਖੀ ਜੋਸ਼ ਬਿਲਕੁਲ ਤਿਆਗ ਬੈਠੇ ਹਨ । ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਪਿਛੋਂ ਸੰਨ 1845 ਵਿਚ ਅੰਗਰੇਜ਼-ਸਿੱਖ ਲੜਾਈ ਸ਼ੁਰੂ ਹੋ ਗਈ । ਮੁਦਕੀ ਦੀ ਲੜਾਈ ਲਈ ਜਦੋਂ ਸਿੱਖ ਫੌਜਾਂ ਕੂਚ ਕਰਨ ਲਗੀਆਂ ਤਾਂ ਆਪ ਜੀ ਨੂੰ ਸਿੱਖ ਸਰਦਾਰਾਂ ਨੇ ਫਤਿਹ ਲਈ ਅਰਦਾਸ ਕਰਨ ਲਈ ਕਿਹਾ । ਸ੍ਰੀ ਸਤਿਗੁਰੂ ਜੀ ਸੂਰਜ ਵਲ ਮੂੰਹ ਕਰਕੇ ਇਕ ਲਤ ਦੇ ਭਾਰ ਕੁਝ ਚਿਰ ਖਲੋਤੇ ਰਹੇ ਅਤੇ ਫਿਰ ਖਲੋਤੇ ਖਲੋਤੇ ਡਿਗ ਪਏ । ਫਿਰ ਉੱਠ ਕੇ ਕਹਿਣ ਲਗੇ :–

**"ਅਰਦਾਸ ਕਰੋ ਜਾਂ ਨ, ਸਿੱਖ ਹੁਣ ਜਿਤਣ ਨਹੀਂ ਲਗੇ,**
**ਜਿਤ ਸਿੱਖਾਂ ਤੋਂ ਰੁਸ ਗਈ ਹੈ"**

ਭਾਵ ਇਹ ਹੈ ਕਿ ਸਤਿਗੁਰੂ ਜੀ ਨੇ ਕਿਹਾ ਕਿ ਹੁਣ ਕਿਸੇ ਵੀ ਅਰਦਾਸ ਨਾਲ ਸਿੱਖਾਂ ਦੀ ਫਤਹਿ ਨਹੀਂ ਹੋ ਸਕਦੀ, ਬੇਸ਼ਕ ਚੜ੍ਹਾਈ ਕਰਕੇ ਵੇਖਲਉ।

ਗਦਾਰਾਂ ਦੇ ਉਕਸਾਇਆਂ ਸਿੱਖ ਫੌਜਾਂ ਨੇ ਚੜ੍ਹਾਈ ਕਰ ਦਿੱਤੀ। ਜਦੋਂ ਫੌਜਾਂ ਹਰੀ ਕੇ ਪਤਣ ਪਹੁੰਚੀਆਂ ਤਾਂ ਸਤਿਗੁਰੂ ਜੀ ਨੇ ਅਪਣੀ ਬੰਦੂਕ ਸਤਲੁਜ ਦਰਿਆ ਵਿਚ ਸੁੱਟ ਦਿਤੀ। ਦੂਜੇ ਫੌਜੀਆਂ ਦੇ ਪੁਛਣ ਤੇ ਆਪ ਜੀ ਨੇ ਨਿਡਰ ਹੋ ਕੇ ਕਹਿਆ ਕਿ

"ਮੈਂ ਅੱਜ ਸੁੱਟੀ ਹੈ, ਤੁਸੀਂ ਕਲ ਸੁੱਟੋਗੇ"। ਅਗਲੇ ਦਿਨ ਆਪਸੀ ਫੁਟ ਕਾਰਨ ਅਤੇ ਸਰਦਾਰਾਂ ਦੀ ਗਦਾਰੀ ਕਾਰਨ ਸਿੱਖ ਫੌਜਾਂ ਬੁਰੀ ਤਰਾਂ ਹਾਰੀਆਂ। ਫੌਜੀ ਅਪਣੀਆਂ ਬੰਦੂਕਾਂ ਦਰਿਆ ਵਿਚ ਸੁੱਟ ਕੇ ਅਪਣੀਆਂ ਜਾਂਣ ਬਚਾਣ ਖਾਤਰ ਲੁਕਦੇ ਫਿਰੇ। ਇਸ ਲੜਾਈ ਪਿਛੋਂ ਅੰਗਰੇਜ਼ਾਂ ਨੇ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ।

ਹੁਣ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆ ਗਏ। ਕੁਝ ਸਮੇਂ ਲਈ ਆਪ ਜੀ ਅਪਣੇ ਮਾਮੇ ਹਰੀ ਸਿੰਘ ਜੀ ਕੋਲ ਫੀਰੋਜ਼ਪੁਰ ਚਲੇ ਗਏ। ਉਥੇ ਆਪ ਜੀ ਅਪਣੀ ਨਿਗਰਾਨੀ ਹੇਠ ਇਮਾਰਤਾਂ ਦਾ ਕੰਮ ਕਰਵਾਂਉਂਦੇ ਰਹੇ।

ਫੀਰੋਜ਼ ਪੁਰ ਰਹਿੰਦਿਆਂ ਆਪ ਜੀ ਅਪਣਾ ਕੰਮ ਵੀ ਕਰਦੇ ਅਤੇ ਨਾਲ ਭਜਨ ਬਾਣੀ ਦਾ ਪਰਚਾਰ ਵੀ ਕਰਦੇ। ਕੁਝ ਚਿਰ ਪਿਛੋਂ ਆਪ ਜੀ ਫਿਰ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਲੋਹੇ ਕਪੜੇ ਦੀ ਦੁਕਾਨ ਖੋਲ੍ਹ ਲਈ। ਦੁਕਾਨ ਖੋਲ੍ਹਣ ਦਾ ਮਨੋਰਥ ਅਪਣੀ ਕਿਰਤ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਸੀ

ਕਰਤੇ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,
ਤਾਂ ਤੇ ਨਫਾ ਪਾਇ ਜੋਉ ਆਪ ਪੈਨ੍ਹੇ ਖਾਇ ਹੈਂ।
ਸੰਗਤ ਅਪਾਰ ਆਵੈ, ਦੂਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈਂ ਪਾਇ ਹੈਂ।

ਸ੍ਰੀ ਸਤਿਗੁਰੂ ਜੀ ਦੇ ਆਕਰਸ਼ਕ ਦਰਸ਼ਨ ਅਤੇ ਦਾਨੀ ਸੁਭਾਉ ਕਾਰਨ ਗਾਹਕਾਂ ਦੀ ਅਤੇ ਲੋੜਵੰਦਾਂ ਦੀ ਭੀੜ ਲਗੀ ਰਹਿੰਦੀ ਸੀ ਆਇਆਂ ਗਇਆਂ ਵਾਸਤੇ ਲੰਗਰ ਹਮੇਸ਼ਾ ਚਾਲੂ ਰਹਿੰਦਾ ਸੀ

Sri Satguru Jagjit Singh Ji Elibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਭਈ ਤੌ ਅਕਾਸ਼ ਬਾਨੀ ਖਾਸ ਯੌਂ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ ।
ਪੰਥ ਗੁਰੁ ਦਸਮ ਕੀ ਰਸਮ ਬਢਾਵੋ ਜਗਿ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇਕੈ ।

Dr Harbhajan Singh's translation in English as follows:—

The Heavens Themselves spoke to This great man charging him to spread Nam, The giver of enlightment and The where withals of life.

Spread The faith of The Tenth Master among The people, and make Them realise That The Khalsa is singularly God's own.

ਭਾਵ ਇਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਕਾਸ਼ ਬਾਨੀ ਹੋਈ ਕਿ ਹੁਣ ਪਰਚਾਰ ਕਰੋ ਅਤੇ ਜੀਵਾਂ ਨੂੰ ਸਰਬ ਸੁਖਦਾਇਕ ਨਾਮ ਦੀ ਦਾਤ ਬਖਸ਼ੋ । ਇਸ ਖਾਲਸੇ ਪੰਥ ਦਾ ਡੰਕਾ ਸਾਰੇ ਜਗ ਤੇ ਵਜਾ ਦਿਉ ।

ਅਗੋਂ ਗਿਆਨੀ ਗਿਆਨੀ ਸਿੰਘ ਜੀ ਲਿਖਦੇ ਹਨ

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਸਿਰਰੇਸ ਉਪਦੇਸ ਦੇਨ ਲਾਗਿਓ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਚਪਨ ਤੋਂ ਹੀ ਅਨੇਕ ਕੌਤਕ ਵਿਖਾਉਣੇ ਸ਼ੁਰੂ ਕਰ ਦਿਤੇ ਸਨ ਅਤੇ ਫੌਜ ਵਿਚ ਰਹਿੰਦਿਆਂ ਵੀ ਅਨੇਕ ਕੌਤਕ ਵਿਖਾਏ ਸਨ ਹੁਣ ਗੁਰ-ਗੱਦੀ ਦੀ ਜ਼ਿਮੇਵਾਰੀ ਸੰਭਾਲਣ ਅਤੇ ਉਪਰ ਲਿਖੀ ਅਕਾਸ਼ ਬਾਨੀ ਪਿਛੋਂ ਆਪ ਜੀ ਨੇ ਲੋਕਾਂ ਨੂੰ ਠੀਕ ਰਾਹੇ ਪਾਉਣ ਲਈ ਪਰਚਾਰ ਦੌਰੇ ਸ਼ੁਰੂ ਕਰ ਦਿੱਤੇ। ਆਪ ਜੀ ਦਾ ਵਿਚਾਰ ਸੀ ਕਿ ਜਿੰਨਾ ਚਿਰ ਕੋਈ ਆਦਮੀ ਨਾਮ ਜਪ ਕੇ ਅਤੇ ਬਾਣੀ ਪੜ੍ਹ ਕੇ ਅਪਣੀ ਆਤਮਾ ਪ੍ਰਬਲ ਨਹੀਂ ਕਰ ਲੈਂਦਾ ਅਤੇ ਅਪਣਾ ਚਰਿਤ੍ਰ ਸੁੱਧ ਨਹੀਂ ਕਰ ਲੈਂਦਾ ਉੱਨਾ ਚਿਰ ਉਹ ਅਪਣੇ ਦੇਸ਼, ਕੌਮ ਜਾਂ ਧਰਮ ਦਾ ਕੋਈ ਵੀ ਕੰਮ ਸਵਾਰ ਨਹੀਂ ਸਕਦਾ । ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸਿੱਖਾਂ ਵਿਚ ਧਰਮ ਦ੍ਰਿੜ

ਕਰਨ ਲਈ ਸਿਖਾਂ ਨੂੰ ਹਰ ਰੋਜ਼ ਨਾਮ ਜਪਣ ਅਤੇ ਬਾਣੀ ਪੜ੍ਹਨ ਦਾ ਤਾਕੀਦੀ ਹੁਕਮ ਕੀਤਾ । ਆਪ ਜੀ ਦਾ ਵਿਚਾਰ ਸੀ

"ਜਿਥੇ ਨਾ (ਨਾਮ) ਹੋਊ ਸਾਰੇ ਸੁਕ੍ਰਿਤ ਆ ਕਠੇ ਹੋਣਗੇ
ਅਤੇ ਸਾਰੇ ਈ ਦੁਕ੍ਰਿਤ ਭਜਿ ਜਾਣਗੇ"

ਆਪ ਜੀ ਦਾ ਨਿਸਚਾ ਸੀ

"ਸਰਬ ਰੋਗ ਕਾ ਅਉਖਦੁ ਨਾਮੁ"

ਸ੍ਰੀ ਸਤਿਗੁਰੂ ਜੀ, ਜਿਥੇ ਵੀ ਜਾਂਦੇ ਪਹਿਲੋਂ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪਤਾ ਕਰਦੇ, ਜਿਥੋਂ ਦੀ ਦਸ ਪੈਂਦੀ ਉਥੋਂ ਮੰਗਵਾਉਂਦੇ, ਅਪਣੇ ਦਸਤਾਰੇ ਨਾਲ ਸਾਫ ਕਰਦੇ ਫਿਰ ਧਰਮਸਾਲੇ ਦੀ ਸਫਾਈ ਕਰਵਾ ਕੇ ਉਥੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਉਂਦੇ । ਫਿਰ ਆਪ ਲੋਕਾਂ ਨੂੰ ਸਿਖਿਆ ਦੇਂਦੇ ਕਿ ਭਾਈ, ਇਹ ਧੁਰ ਦੀ ਬਾਣੀ ਹੈ ਗੁਰੂ ਸਾਹਿਬਾਨ ਨੇ ਸਾਡੇ ਭਲੇ ਵਾਸਤੇ ਉਚਾਰੀ ਹੋਈ ਹੈ । ਇਹ ਜ਼ਰੂਰ ਪੜ੍ਹਿਆ ਕਰੋ ਜਦੋਂ ਪੜ੍ਹੋਗੇ ਤੁਹਾਨੂੰ ਸਿਖਿਆ ਮਿਲੇ ਗੀ

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਥਵਾ

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥

ਭਾਈ ਸਿਖੋ, ਚੌਰਾਸੀ ਲੱਖ ਜੂਨਾਂ ਵਿਚ ਭ੍ਰਮਣ ਪਿਛੋਂ ਤੁਹਾਨੂੰ ਇਹ ਮਨੁਖ ਜਨਮ ਪਰਾਪਤ ਹੋਇਆ ਹੈ । ਸਿਰਫ ਇਸੇ ਮਨੁਖ ਜਨਮ ਵਿਚ ਤੁਹਾਡਾ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ

ਨਹੀਂ ਤਾਂ

ਚਾਰਿ ਪਾਵ, ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਈਹੈ।

ਭਾਈ ਸਿਖੋ, ਉੱਦਮ ਕਰੋ ਨਹੀਂ ਤਾਂ

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ।

ਭਾਈ ਸਿਖੋ

ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥

ਨਹੀਂ ਤਾਂ

ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥

ਸ੍ਰੀ ਸਤਿਗੁਰੂ ਜੀ, ਜਿਥੇ ਪਰਮਾਤਮਾ ਦਾ ਨਾਮ ਜਪਣ ਦੀ ਸਿਖਿਆ ਦਿੰਦੇ ਸਨ ਉਥੇ ਨਾਲ ਹੀ ਇਹ ਸਚਾਈ ਵੀ ਦਸਦੇ ਸਨ ਕਿ ਸਿਖੋ

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥

ਕਿਉਂ ਜੋ

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ
(ਭਾਵੇ) ਲਖ ਕੋਟੀ ਕਰਮ ਕਮਾਉ ॥

ਅਥਵਾ

ਹੋਰੁ ਕਿਤੈ ਭਗਤਿ ਨ ਹੋਵਈ
ਬਿਨੁ ਸਤਿਗੁਰ ਕੇ ਉਪਦੇਸ।

(ਹੈ)

ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਵਿਚ ਕੋਈ ਐਸਾ ਚਮਤਕਾਰ ਸੀ ਕਿ ਜਿਹੜਾ ਵੀ ਆਪ ਜੀ ਦਾ ਉਪਦੇਸ਼ ਸੁਣਦਾ, ਆਪ ਜੀ ਦੀ ਅਨੁਯਾਈ ਹੋ ਜਾਂਦਾ

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਦੇ ਨਿਰਪੱਖ ਅਤੇ ਪ੍ਰਸਿਧ ਲਿਖਾਰੀ ਸ੍ਰ. ਗੁਰਬਖ਼ਸ਼ ਸਿੰਘ ਜੀ ਪ੍ਰੀਤ ਲੜੀ ਵਾਲੇ ਲਿਖਦੇ ਹਨ

"ਉਨ੍ਹਾਂ ਦੀ ਸ਼ਖਸੀਅਤ ਇਹੋ ਜਿਹਾ ਚਮਤਕਾਰ ਸੀ
ਕਿ ਉਨ੍ਹਾਂ ਦੇ ਸ਼ਬਦਾਂ ਉਤੇ ਕੋਈ ਦੁਨੀਆਂ ਪਲਰਦੀ
ਦਿਸਦੀ ਸੀ"

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਰਾਮ ਸਿੰਘ ਜਾਇ ਜਿਤ, ਸਿੱਖ ਹ੍ਵੈ ਹਜ਼ਾਰੋਂ ਤਿਤ,
ਭੇਟ ਦੈਹੈਂ ਧੀਨ ਧਨ, ਦੀਨ ਬੋਲ ਬੈਨ ਹੈਂ ।

Whichever place Ram Singh visited, Thousand came in to his fold. They addressed him with deep humility and made handsome offering in cash. ਭਾਵ ਜਿਥੇ ਵੀ ਸਤਿਗੁਰੂ ਜੀ ਜਾਂਦੇ, ਹਜਾਰਾਂ ਹੀ ਨਵੇਂ ਸਿਖ ਸਜਦੇ ।

ਆਪ ਜੀ ਦਾ ਪਰਚਾਰ ਇੰਨਾ ਹਰਮਨ ਪਿਆਰਾ ਸੀ ਕਿ ਥੋੜੇ ਹੀ ਸਮੇਂ ਵਿਚ ਹੀ ਲਖਾਂ ਹੀ ਇਸਤਰੀਆਂ ਅਤੇ ਪੁਰਖਾਂ ਨੇ ਭਜਨ ਪੁੱਛ ਅਤੇ ਅੰਮ੍ਰਿਤ ਛਕਕੇ ਸਿਖੀ ਮੰਡਲ ਵਿਚ ਪ੍ਰਵੇਸ਼ ਕਰ ਲਿਆ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇਸਧਾਰੀ,
ਸਿੰਘ ਪੰਥ ਬਿਰਧਾਇਓ, ਨਾਮ ਰਸ ਧਾਰਿਓ,
(ਵਾਧਾ ਹੋਇਆ)

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਵਿਚ ਕੋਈ ਐਸੀ ਮਿਕਨਾਤੀਸੀ ਕਸ਼ਸ਼ ਸੀ ਕਿ ਲੋਕੀ ਆਪਣੇ ਆਪ ਹੀ ਖਿਚੇ ਆਉਂਦੇ ਸਨ । ਕਈ ਤਾਂ ਦਰਸ਼ਨ ਕਰਦਿਆਂ ਸਾਰ ਹੀ ਮਸਤਾਨੇ ਹੋ ਜਾਂਦੇ ਸਨ ਅਤੇ ਕਹਿਣ ਲਗ ਪੈਂਦੇ ਸਨ

ਆਈਨਾਏ ਖੁਦਾ ਨੁਮਾ ਹਸਤ ਰੁਏ ਤੋ
ਦੀਦਾਰੇ ਹਕ ਜ਼ਿ ਆਈਨਾਏ ਰੁਏ ਤੁ ਮੇਕੁਨਦ

ਭਾਵ ਉਹ ਸਤਿਗੁਰੂ ਜੀ ਦੇ ਚੇਹਰੇ ਤੋਂ ਪਰਮੇਸਰ ਦਾ ਦੀਦਾਰ ਕਰਦੇ ਸਨ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਜਿਥੇ ਨਾਮ ਜਪਣ ਅਤੇ ਬਾਣੀ ਪੜ੍ਹਨ ਦੀ ਸਿਖਿਆ ਦਿੰਦੇ ਉਥੇ ਨਾਲ ਹੀ ਬੜੇ ਪ੍ਰੇਮ ਨਾਲ ਸਮਝਾਂਦੇ ਕਿ ਭਾਈ ਸਿਖੋ, ਜੇ ਨਾਮ ਜਪਣ ਅਤੇ ਬਾਣੀ ਪੜ੍ਹਨ ਦੇ ਨਾਲ ਸਿੱਖੀ ਰਹਿਤ ਵੀ ਰਖੋ ਤਾਂ ਇਹ ਸੋਨੇ ਉੱਤੇ ਸੁਹਾਗੇ ਦਾ ਕੰਮ ਹੋ ਜਾਏਗਾ ਕਿਉਂਜੋ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ

"ਰਹਿਤ ਪਿਆਰੀ ਮੁਝ ਕਉ
ਸਿਖ ਪਿਆਰਾ ਨਾਹਿ।"

ਅਤੇ ਭਾਈ ਦੇਸਾ ਸਿੰਘ ਜੀ ਦੇ ਰਹਿਤ ਨਾਮੇ ਵਿਚ ਲਿਖਿਆ ਹੈ

ਰਹਿਣੀ ਰਹੈ ਸੋਈ ਸਿਖ ਮੇਰਾ
ਓਹ ਠਾਕਰ ਮੈਂ ਉਸਕਾ ਚੇਰਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਾਂ ਵਾਸਤੇ ਦੱਸੀ ਹੋਈ ਰਹਿਤ - ਮਰਯਾਦਾ ਕੋਈ ਨਵੀਂ ਨਹੀਂ ਸੀ, ਸ੍ਰੀ ਸਤਿਗੁਰ ਗੋਬਿੰਦ ਸਿੰਘ ਜੀ ਵਾਲੀ ਹੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਉਚੇਰੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਚਲਤ ਮਰਯਾਦਾ ਸ੍ਰੀ ਹਜ਼ੂਰ ਸਾਹਿਬ ਤੋਂ ਲਿਖ ਕੇ ਲਿਆਉਣ ਵਾਸਤੇ ਭਾਈ ਕਾਣੇ ਸਿੰਘ ਜੀ ਨੂੰ ਭੇਜਿਆ ਸੀ। ਭਾਈ ਜੀ, ਜੋ ਮਰਯਾਦਾ ਲਿਖ ਕੇ ਲਿਆਏ ਸਨ, ਓਹੀ ਮਰਯਾਦਾ ਸਿੱਖਾਂ ਵਿਚ ਪ੍ਰਚਲਤ ਕੀਤੀ ਗਈ। ਇਹ ਰਹਿਤ - ਮਰਯਾਦਾ "ਨਾਮਧਾਰੀ ਨਿਤਨੇਮ" ਗੁਟਕੇ ਵਿਚ "ਰਹਿਤ ਨਾਮਾ ਪਾਤਸ਼ਾਹੀ ੧੨" ਵਿਚ ਲਿਖੀ ਹੋਈ ਹੈ। ਇਸ ਰਹਿਤ ਨਾਮੇ ਦੇ ਕੁਝ ਕੁ ਤੱਤ ਇਸ ਪ੍ਰਕਾਰ ਹਨ :-

ਪਿਛਲੀ ਰਾਤ ਉਠ ਕੇ ਗੜਵਾ ਲੈ ਜੰਗਲ ਕਰ ਮਦਾਨੇ ਹੋਇ ਔਣ, ਦੋ ਵਾਰੀ ਗੜਵਾ ਮਾਂਜਣਾ, ਮਦਾਨ ਬਸਤ੍ਰ ਲਾਹਿ ਕੇ ਜਾਣਾ, ਦਾਤਨ ਕਰਨੀ, ਫੇਰ ਇਸ਼ਨਾਨ (ਸਣਕੇਸੀ) ਕਰਨਾ

ਹਰ ਭਾਈ, ਮਾਈ ਨੇ ਘਟ ਤੋਂ ਘਟ ਇਹ ਬਾਣੀਆਂ ਜ਼ਰੂਰ ਹੀ ਕੰਠ ਕਰਨੀਆਂ ਜਪੁ ਸਾਹਿਬ, ਸ਼ਬਦ ਹਜ਼ਾਰੇ, ਜਾਪੁ ਸਾਹਿਬ, ਸਬਦ ਹਜ਼ਾਰੇ, ਰਹਿਰਾਸ ਅਤੇ ਆਰਤੀ ਸੋਹਿਲਾ (ਕੀਰਤਨ ਸੋਹਿਲਾ)

ਪਰਾਈ ਧੀ-ਭੈਣ ਆਪਣੀ ਜਾਨਣੀ

ਪਰਾਇਆ ਹੱਕ ਨਹੀਂ ਰਖਣਾ

ਕਿਸੇ ਨੂੰ ਮੰਦਾ ਫਿਕਾ ਨਹੀਂ ਬੋਲਣਾ

ਆਪਣੀ ਭਲਾਈ ਛੁਪਾਉਣ ਦੀ ਕਰਨੀ

ਸ਼ਬਦ ਕੀਰਤਨ ਕਰਨਾ

ਹਵਨ ਯੱਗ ਕਰਨਾ

NO. 18

DATE

ਮੰਦੇ ਕਰਮ ਚੋਰੀ, ਯਾਰੀ ਆਦਿ ਨਹੀਂ ਕਰਨੇ ।

ਕਿਸੇ ਨੇ ਅਪਣੀ ਧੀ ਭੈਣ ਦਾ ਪੈਸਾ ਨਹੀਂ ਲੈਣਾ । ਵੱਟਾ ਨਹੀਂ ਕਰਨਾ

ਦਾਰੂ (ਸ਼ਰਾਬ) ਮਾਸ ਨਹੀਂ ਖਾਣਾ ਪੀਣਾ ।

ਪਰਮਾਤਮਾ ਨੂੰ ਹਰ ਵਕਤ ਯਾਦ ਰਖਣਾ ।

ਖੌਫ ਰਖਣਾ ਗੁਰੂ ਦਾ ਹਰ ਦਮ ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖਿਆ ਹੈ

**ਕਲਿਜੁਗ ਮੈਂ ਸਤਿਜੁਗ ਵਰਤਾਊਂ ।**
**ਤਬੀ ਬਾਰੁਵਾਂ ਬਪ ਕਹਾਊਂ ॥**

ਸਤਿਜੁਗ ਵਰਤਾਉਣ ਵਾਸਤੇ ਇਹ ਜ਼ਰੂਰੀ ਸੀ ਕਿ ਸਮਾਜ ਵਿਚ ਭਗਤੀ ਅਤੇ ਸ਼ਕਤੀ ਪੈਦਾ ਕੀਤੀਆਂ ਜਾਣ, ਸਮਾਜ ਵਿਚੋਂ ਭੈੜੀਆਂ ਅਤੇ ਗੰਦੀਆਂ ਰਸਮਾਂ ਬੰਦ ਕੀਤੀਆਂ ਜਾਣ, ਪਾਖੰਡ ਅਤੇ ਵਹਿਮਾਂ ਨੂੰ ਦੂਰ ਕੀਤਾ ਜਾਏ, ਬਦਇਖਲਾਕੀ ਅਤੇ ਬਦਇਖਲਾਕੀ ਦੇ ਕਾਰਣਾਂ ਨੂੰ ਰੋਕਿਆ ਜਾਏ

ਸਿੱਖਾਂ ਵਿਚ ਭਗਤੀ ਅਤੇ ਸ਼ਕਤੀ ਪੈਦਾ ਕਰਨ ਵਾਸਤੇ ਆਪ ਜੀ ਨੇ ਸਿੱਖਾਂ ਨੂੰ ਨਾਮ ਜਪਣ ਅਤੇ ਬਾਣੀ ਪੜ੍ਹਨ ਦਾ ਤਾਕੀਦੀ ਹੁਕਮ ਕੀਤਾ। ਜਪੁ ਜੀ ਸਾਹਿਬ, ਜਾਪੁ ਸਾਹਿਬ, ਦੂਹਾਂ ਦੇ ਸ਼ਬਦ ਹਜ਼ਾਰੇ, ਰਹਿਰਾਸ ਅਤੇ ਕੀਰਤਨ ਸੋਹਿਲੇ ਦੇ ਪਾਠ ਨਾਲ ਚੰਡੀ ਦੀ ਵਾਰ ਦਾ ਪਾਠ ਵੀ ਕਰਨ ਦਾ ਹੁਕਮ ਕੀਤਾ। ਸ੍ਰੀ ਆਦਿ ਗ੍ਰੰਥ ਜੀ ਅਤੇ ਸ੍ਰੀ ਦਸਮ ਗ੍ਰੰਥ ਜੀ ਦੇ ਪਾਠ ਕਰਨ ਦਾ ਪਰਚਾਰ ਕੀਤਾ। ਸਿੱਖਾਂ ਨੂੰ ਫਜ਼ੂਲ ਅਤੇ ਭੈੜੀਆਂ ਰਸਮਾਂ ਦੇ ਤਿਆਗਣ ਦਾ ਹੁਕਮ ਕੀਤਾ। ਕਬਰ ਪਰਸਤੀ ਅਥਵਾ ਗੋਰ ਪਰਸਤੀ ਤਿਆਗ ਕੇ ਇਕ ਅਕਾਲ ਪੁਰਖ ਦੇ ਸਿਮਰਨ ਵਲ ਲਾਇਆ।

ਅਥਵਾ

**ਜੋ ਉਪਜੈ ਮਰੈ ਤਾਹਿ ਸਿਮਰਨ ਨ ਕੀਜੈ ।**
**ਅਟਲ ਪੁਰਖ ਅਕਾਲ ਕਾ ਨਾਮ ਲੀਜੈ ॥**

ਅਥਵਾ

ਧ੍ਰਿਗੁ ਜਿਹਬਾ ਗੁਰ ਸਬਦ ਵਿਣੁ
ਹੋਰ ਮੰਤ੍ਰ ਸਿਮਰਣੀ ।

ਅਤੇ

**ਵਿਣੁ ਗੁਰੁ ਚਰਣਾ ਪੂਜਣਾ, ਸਭੁ ਕੂੜਾ ਸੁਆਉ ।**

ਆਪ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ

**ਜੋ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾਂ ਕਿਸੇ ਹੀ ਥਾਂ ਦੀਵਾਨੁ ਵਿਚ ਨਹੀ ਵੜਨ ਦੇਣਾ**

ਅਤੇ ਇਹ ਵੀ ਹੁਕਮ ਕੀਤਾ ਕਿ **ਦਾਰੂ ਮਾਸ ਨਹੀ ਖਾਣਾ ਪੀਣਾ**

Sri Satguru Jagjit Singh Ji Elibrary NamdhariElibrary@gmail.com

ਇਹ ਤਾਂ ਹਰ ਸਮਝਦਾਰ ਆਦਮੀ ਸਮਝਦਾ ਹੈ ਕਿ ਸਮਾਜ ਦੀ ਅੱਧੀ ਗਿਣਤੀ ਇਸਤਰੀਆਂ ਦੀ ਹੈ। ਸਮੁੱਚੇ ਸਮਾਜ ਸੁਧਾਰ ਲਈ ਮਰਦਾਂ ਦੇ ਸੁਧਾਰ ਕਰਨ ਦੇ ਨਾਲ ਇਸਤਰੀਆਂ ਦਾ ਸੁਧਾਰ ਕਰਨਾ ਵੀ ਜ਼ਰੂਰੀ ਹੈ। ਇਸਤਰੀਆਂ ਦੇ ਸੁਧਾਰ ਵਾਸਤੇ ਇਹ ਜ਼ਰੂਰੀ ਹੈ ਕਿ ਪਹਿਲਾਂ ਉਨ੍ਹਾਂ ਨਾਲ ਹੋ ਰਹੇ ਅਨਿਆਏ ਨੂੰ ਰੋਕਿਆ ਜਾਏ। ਅਨਿਆਏ ਕਾਰਨ ਹੀ ਬਦਇਖਲਾਕੀ ਫੈਲਦੀ ਹੈ।

ਸ੍ਰੀ ਸਤਿਗੁਰੂ ਜੀ ਦੀ ਨਿਗਾਹ ਵਿਚ ਬਦਇਖਲਾਕੀ ਦੇ ਕੁਝ ਕੁ ਕਾਰਨ ਇਹ ਸਨ.

ਕੁੜੀਆਂ ਮਾਰਨਾ, ਕੁੜੀਆਂ ਵੇਚਣਾ, ਵੱਟਾ ਕਰਨਾ
ਬਾਲ ਵਿਵਾਹ, ਵਿਧਵਾ ਵਿਵਾਹ ਦੀ ਮਨਾਹੀ

## ਕੁੜੀਆਂ ਮਾਰਨਾ

ਸਿਆਣੇ ਆਦਮੀ ਕਹਿੰਦੇ ਹਨ ਕਿ ਸਹੁਰੇ ਦੇ ਹੱਥ ਜਵਾਈ ਦੇ ਪੈਰਾਂ ਹੇਠ ਹੁੰਦੇ ਹਨ। ਭਾਵ ਇਹ ਹੈ ਕਿ ਲੜਕੀ ਵਾਲਿਆਂ ਨੂੰ ਲੜਕੇ ਵਾਲਿਆਂ ਅਗੇ ਨਿਉਣਾ ਪੈਂਦਾ ਹੈ। ਨਿਉਣਾ ਕੋਈ ਮਾੜੀ ਗਲ ਨਾਹੀਂ, ਨਿਉਣ ਦਾ ਭਾਵ ਹੈ ਅਦਬ ਕਰਨਾ (to respect)। ਜੇ ਗੁਰਬਾਣੀ ਅਨੁਸਾਰ ਲੜਕੀ ਵਾਸਤੇ ਇਹ ਸਿਖਿਆ ਹੈ

**ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ,**
**ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ।**

ਤਾਂ ਫਿਰ ਲੜਕੀ ਵਾਲਿਆਂ ਦਾ ਲੜਕੇ ਵਾਲਿਆਂ ਅਗੇ ਨਿਉਣਾ ਕੋਈ ਮਾੜੀ ਗਲ ਨਹੀਂ ਪਰ ਇਸ ਦਾ ਭਾਵ ਇਹ ਨਹੀਂ ਕਿ ਲੜਕੇ ਵਾਲੇ ਆਕੜ ਖਾਨ ਹੀ ਬਣ ਜਾਣ ਅਤੇ ਲੜਕੀ ਅਥਵਾ ਲੜਕੀ ਵਾਲਿਆਂ ਨੂੰ ਨਾਜਾਇਜ਼ ਹੀ ਤੰਗ ਕਰਦੇ ਰਹਿਣ। ਜੇ ਲੜਕੀ ਵਾਲੇ ਅਦਬ ਕਰਦੇ ਹਨ ਤਾਂ ਲੜਕੇ ਵਾਲਿਆਂ ਦਾ ਵੀ ਫਰਜ਼ ਹੈ ਕਿ ਜਵਾਈ ਅਦਬ ਕਰਨ, ਇਸ ਤਰ੍ਹਾਂ ਕਰਨ ਨਾਲ ਪਿਆਰ ਵਧੇਗਾ ਅਤੇ ਇਸ ਪਿਆਰ ਦਾ ਹੀ ਅਸਰ ਲੜਕੀ ਤੇ ਪਵੇਗੇ। ਜਦੋਂ ਲੜਕੀ ਅਪਣੇ ਮਾਪਿਆਂ ਦਾ ਸਨਮਾਨ ਹੁੰਦਾ ਦੇਖੇਗੀ ਤਾਂ ਉਸ ਦਾ ਦਿਲ ਵੀ ਸਹੁਰੇ ਘਰ ਸਾਰਿਆਂ ਦਾ ਸਨਮਾਨ ਕਰਨ ਨੂੰ ਕਰੇਗਾ

ਲੜਕੀ ਵਾਸਤੇ ਨਿਉਣ ਨੂੰ ਕਈ ਅਪਣੀ ਹੇਠੀ ਸਮਝਣ ਲਗ ਪਏ ਸਨ। ਏਸ ਹੇਠੀ ਤੋਂ ਬਚਣ ਲਈ ਰਾਠ, ਗੜ੍ਹੇਵਾਲ ਆਦਿ ਕਈ ਖਾਨਦਾਨਾਂ ਨੇ ਸੋਚ ਲਿਆ ਕਿ ਕੁੜੀਆਂ ਵਾਸਤੇ ਨਿਉਣ ਨਾਲੋਂ ਚੰਗਾ ਇਹ ਹੀ ਹੈ ਕਿ ਕੁੜੀਆਂ ਨੂੰ ਜੰਮਦੇ ਸਾਰ ਹੀ ਮਾਰ ਦਿੱਤਾ ਜਾਏ। ਉਹ ਸਮਝਦੇ ਸਨ ਕਿ

Sri Satguru Jagjit Singh Ji Elibrary NamdhariElibrary@gmail.com

ਕੁੜੀਆਂ ਨੂੰ ਜੰਮਦਿਆਂ ਹੀ ਮਾਰਨ ਨਾਲ ਇਕ ਪੰਥ ਦੋ ਕਾਜ ਹੋ ਜਾਣਗੇ। ਇਕ ਤਾਂ ਕਿਸੇ ਅੱਗੇ ਨਿਉਣਾ ਨ ਪਏਗਾ ਅਤੇ ਦੂਜਾ ਕੁੜੀ ਦੇ ਪਾਲਣ ਪੋਸ਼ਣ ਅਤੇ ਵਿਆਹ ਦੇ ਖਰਚ ਤੋਂ ਬਚਾ ਹੋ ਜਾਵੇਗਾ

ਕੁੜੀਆਂ ਮਾਰਨਾ ਧਾਰਮਕ ਪਾਪ ਤਾਂ ਹੈ ਹੀ ਹੈ ਪਰ ਸਮਾਜਕ ਤਰ ਤੇ ਵੀ ਇਹ ਪਾਪ ਹੀ ਹੈ। ਇਸ ਵਰਤੀਰਹਨ ਅਨੁਸਾਰ ਗਿਰਸਤ ਮਾਰਗ ਵਿਚ ਮਰਦ ਅਤੇ ਔਰਤ ਦੁਹਾਂ ਦੀ ਲੋੜ ਹੈ, ਜੇ ਕੁੜੀਆ ਮਾਰੀਆਂ ਜਾਵਣ ਤਾਂ ਕੁਦਰਤੀ ਤੌਰ ਤੇ ਜਿੰਨੀਆਂ ਮਰਨ ਗੀਆਂ ਉਨੇ ਹੀ ਲੜਕੇ ਅਣ ਵਿਆਹੇ ਰਹਿਣਗੇ ਅਤੇ ਵਿਆਹ ਨ ਹੋਣ ਕਾਰਨ ਭ੍ਰਿਸ਼ਟਾਚਾਰੀ ਵਧੇਗੀ

**ਕੁੜੀਆਂ ਵੇਚਣੀਆਂ**, ਕਈ ਲਾਲਚੀ ਜਾਂ ਬੁੜੇ ਹੋਏ ਮਾਪੇ ਅਪਣੀ ਲੜਕੀ ਦਾ ਵਿਆਹ ਪੈਸੇ ਲੈ ਕੇ ਕਰਦੇ ਸਨ। ਅਜਿਹੀ ਹਾਲਤ ਵਿਚ ਮੁੰਡੇ ਵਿਚ ਕੋਈ ਨ ਕੋਈ ਨੁਕਸ ਜਾਂ ਐਬ ਜਰੂਰ ਹੁੰਦਾ ਹੋਵੇਗਾ। ਜਰਾ ਧਿਆਨ ਨਾਲ ਸੋਚੀਏ ਕਿ ਪੈਸੇ ਦੇ ਲਾਲਚ ਕਾਰਨ ਇਕ ਜਵਾਨ ਬੱਚੀ ਨੂੰ ਇਕ ਬੁੱਢੇ ਅਗੇ, ਜਾਂ ਕਿਸੇ ਅੰਗ ਹੀਣ ਅਗੇ ਜਾਂ ਕਿਸੇ ਰੋਗੀ ਅਗੇ ਜਾਂ ਕਿਸੇ ਦੁਰਾਚਾਰੀ ਅਗੇ ਵੇਚਣ ਨਾਲ ਬੱਚੀ ਦੇ ਗਿਰਸਤ ਧਰਮ ਦਾ ਕੀ ਬਣੇਗਾ? ਕੀ ਉਹ ਕਲਿਜੁਗ ਵਿਚ ਪਤੀ ਬ੍ਰਤ ਰਹਿ ਸਕੇਗੀ?

## ਵੱਟਾ ਕਰਨ

ਆਮ੍ਹੋ ਸਾਮ੍ਹਣਾ ਵੱਟਾ। ਅਪਣੀ ਲੜਕੀ ਦਾ ਵਿਵਾਹ ਜਿਸ ਕਿਸੇ ਦੇ ਲੜਕੇ ਨਾਲ ਕਰਨਾ, ਉਸੇ ਹੀ ਕੁੜਮ ਦੀ ਲੜਕੀ ਦਾ ਵਿਵਾਹ ਅਪਣੇ ਲੜਕੇ ਨਾਲ ਕਰਨਾ। ਵਿਵਾਹ ਭਾਵੇਂ ਅੱਗੇ ਪਿੱਛੇ ਹੋ ਜਾਣ ਪਰ ਕਰਨੇ ਜ਼ਰੂਰ ਪੈਂਦੇ ਸਨ। ਇਸ ਤਰ੍ਹਾਂ ਦੋ ਆਦਮੀ ਇਕੋ ਸਮੇਂ ਇਕ ਦੂਜੇ ਦੇ ਸਾਲੇ ਵੀ ਬਣ ਜਾਂਦੇ ਸਨ ਅਤੇ ਭਣੋਈਏ ਵੀ।

ਵੱਟੇ ਦੇ ਸਾਕ ਕਰਨ ਨਾਲ ਜਿੱਥੇ ਇਕ ਜੋੜੇ ਦੀ ਕਿਸੇ ਕਾਰਨ ਬੇਇਤਫਾਕੀ ਹੋ ਜਾਂਦੀ ਹੈ ਉੱਥੇ ਦੂਜੇ ਜੋੜੇ ਵਿਚ ਜਬਰਨ ਬੇਇਤਫਾਕੀ ਪੈਦਾ ਕੀਤੀ ਜਾਂਦੀ ਹੈ ਭਾਵ ਜੇ ਕਿਸੇ ਦੀ ਲੜਕੀ ਨੂੰ ਕਿਸੇ ਗਲਤੀ ਕਾਰਨ ਕੁਝ ਕਹਿਆ ਜਾਵੇ ਜਾਂ ਤੰਗ ਕੀਤਾ ਜਾਵੇ ਤਾਂ ਤੰਗ ਕਰਨ ਵਾਲੇ ਕੁੜਮ ਦੀ ਲੜਕੀ ਨੂੰ ਵੀ ਤੰਗ ਕੀਤਾ ਜਾਂਦਾ ਹੈ ਭਾਵੇਂ ਉਹ ਵਿਚਾਰੀ ਅਸਲੋਂ ਹੀ ਬੇਕਸੂਰ ਹੋਵੇ।

## ਬਾਲ ਵਿਵਾਹ

ਇਤਿਹਾਸ ਦਸਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਵਾਹ ਛੋਟੀ ਉਮਰ ਵਿਚ ਹੀ ਕੀਤਾ ਗਿਆ ਸੀ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕੀਦਾ ਹੈ ਕਿ ਉਨ੍ਹਾਂ ਦਿਨਾਂ ਵਿਚ ਬਾਲ ਵਿਵਾਹ ਆਮ ਹੁੰਦੇ ਹੋਣਗੇ

ਛੋਟੀ ਉਮਰ ਵਿਚ ਹੀ ਬੱਚਿਆਂ ਦੇ ਵਿਵਾਹ ਕਰ ਦੇਣ ਨਾਲ ਲੜਕੀ ਵਾਲੇ ਤਾਂ ਇਹ ਸਮਝਦੇ ਸਨ ਕਿ ਸਾਡੀ ਲੜਕੀ ਵਿਵਾਹੀ ਗਈ ਹੈ

ਸਾਡੇ ਸਿਰੋਂ ਭਾਰ ਲੱਥਾ, ਹੁਣ ਚਿੰਤਾ ਕਰਨ ਦੀ ਲੋੜ ਨਹੀਂ।
ਦੂਜੇ ਪਾਸੇ ਲੜਕੇ ਵਾਲੇ ਸੋਚਦੇ ਸਨ ਕਿ ਸ਼ੁਕਰ ਏ ਕਿ ਸਾਨੂੰ ਬਹੂ ਮਿਲ ਗਈ ਹੈ ਸ਼ਾਇਦ ਮਿਲੇ ਕਿ ਨਾ ਮਿਲੇ ਵਾਲੀ ਚਿੰਤਾ ਮੁਕ ਗਈ ਹੈ
ਬਾਲ ਵਿਵਾਹ ਦਾ ਵਡਾ ਨੁਕਸ ਇਹ ਹੈ ਕਿ ਬਚਿਆਂ ਦੇ ਜਵਾਨ ਹੋਣ ਤਕ ਪਤਾ ਨਹੀਂ ਕਿ ਲੜਕੇ ਜਾਂ ਲੜਕੀ ਦੀ ਸਰੀਰਕ ਹਾਲਤ ਕੈਸੀ ਹੋ ਜਾਵੇ।

# ਵਿਧਵਾ ਵਿਵਾਹ ਦੀ ਮਨਾਹੀ

ਸਾਡੇ ਸਮਾਜ ਵਿਚ ਜੇ ਕਿਸੇ ਆਦਮੀ ਦੀ ਪਤਨੀ ਸੁਰਗ ਸਿਧਾਰ ਜਾਂਦੀ ਸੀ ਤਾਂ ਜੇ ਉਹ ਚਾਹੇ, ਉਹ ਦੂਜਾ ਵਿਆਹ ਕਰਵਾ ਸਕਦਾ ਸੀ ਪਰ ਕਾਰਨ ਵਸ ਜੇ ਕੋਈ ਔਰਤ ਵਿਧਵਾ ਹੋ ਜਾਂਦੀ ਸੀ ਤਾਂ ਧਰਮ ਦੀਆਂ ਝੂਠੀਆਂ ਧਮਕੀਆਂ ਦੇਕੇ ਅਤੇ ਸੁਰਗ ਦੇ ਝੂਠੇ ਲਾਰੇ ਲਾ ਕੇ ਉਸਨੂੰ ਸਤੀ ਹੋਣ ਵਾਸਤੇ ਪ੍ਰੇਰਿਆ ਜਾਂਦਾ ਸੀ। ਕਈ ਵਾਰੀ ਵਿਧਵਾ ਨੂੰ ਜ਼ਬਰਨ ਵੀ ਸਤੀ ਕੀਤਾ ਜਾਂਦਾ ਸੀ। ਜੇ ਕੋਈ ਵਿਧਵਾ ਸਤੀ ਨ ਹੁੰਦੀ ਤਾਂ ਉਸਨੂੰ ਸਾਰੀ ਉਮਰ ਨਰਕੀ ਜੀਵਨ ਹੀ ਬਿਤਾਣਾ ਪੈਂਦਾ ਸੀ। ਸਮਾਜ ਦੀ ਐਸੀ ਹਾਲਤ ਵਿਚ ਵਿਧਵਾ ਦਾ ਕਿਸੇ ਦੂਜੇ ਥਾਂ ਵਿਆਹ ਕਰਨ ਬਾਰੇ ਸੋਚਣ ਦੀ ਵੀ ਗੁੰਜਾਇਸ਼ ਨਹੀਂ ਸੀ। ਕਿੰਨਾ ਅਨਿਆਏ ਸੀ ਇਕ ਵਿਧਵਾ ਵਾਸਤੇ ਖਾਸ ਕਰਕੇ ਇਕ ਛੋਟੀ ਉਮਰ ਦੀ ਲੜਕੀ ਵਾਸਤੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿਖੀ ਨੂੰ ਸੁਰਜੀਤ ਕੀਤਾ। ਜਦੋਂ ਆਪ ਜੀ ਨੇ ਪਰਚਾਰ ਦੌਰੇ ਸ਼ੁਰੂ ਕੀਤੇ ਸਨ ਤਾਂ ਆਪ ਜੀ ਨੂੰ ਸਾਰੇ ਪੰਜਾਬ ਵਿਚੋਂ ਸੱਚੇ ਅਤੇ ਪੱਕੇ ਸਿਖ ਸਿਰਫ ਢਾਈ ਹੀ ਲੱਭੇ ਸਨ ਪਰ ਜਦੋਂ ਆਪ ਜੀ ਨੇ ਪਰਚਾਰ ਸ਼ੁਰੂ ਕੀਤਾ

ਰਾਮ ਸਿੰਘ ਜਾਇਜਿਤ, ਸਿੱਖ ਹ੍ਵੈ ਹਜਾਰੋਂ ਤਿਤ,
ਭੇਟ ਦੈ ਹੈਂ ਧੀਨ ਧਨ, ਦੀਨ ਬੋਲ ਬੈਨ ਹੈਂ।

ਅਥਵਾ
ਫੈਲਯੋ ਜਸ ਭਾਰੀ, ਸਿੱਖ ਬੀਟੇ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ, ਨਾਮ ਰਸ ਪਾਗਿਓ।
(ਵਾਧਾ ਹੋਇਆ)

ਆਪ ਜੀ ਦੀ ਸ਼ਖਸੀਅਤ ਵਿਚ ਐਸਾ ਚਮਤਕਾਰ ਸੀ ਅਤੇ ਦਰਸ਼ਨ ਵਿਚ ਐਸੀ ਮਿਕਨਾਤੀਸੀ ਕਸ਼ਸ਼ ਸੀ ਕਿ ਲੋਕੀਂ ਆਪਣੇ ਆਪ ਹੀ ਖਿਚੇ ਆਉਂਦੇ ਸਨ। ਥੋੜ੍ਹੇ ਹੀ ਸਾਲਾਂ ਵਿਚ ਲੱਖਾਂ ਹੀ ਇਸਤਰੀਆਂ ਅਤੇ ਪੁਰਖ ਭਜਨ ਪੁੱਛ ਕੇ ਆਪ ਜੀ ਦੇ ਸਿੱਖ ਸਜ ਗਏ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੩ ਅਪਰੈਲ ਸੰਨ ੧੮੫੭ ਵੈਸਾਖੀ ਵਾਲੇ ਦਿਨ ਸੰਗਤ ਦਾ ਇਕ ਬਹੁਤ ਵੱਡਾ ਇਕੱਠ ਸ੍ਰੀ ਭੈਣੀ ਸਾਹਿਬ ਵਿਚ ਕੀਤਾ। ਇਸ ਦਿਨ ਆਪ ਜੀ ਨੇ ਹਜ਼ਾਰਾਂ ਆਦਮੀਆਂ ਦੇ ਸਾਮਣੇ ਪੰਜਾਂ ਸਿਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ **ਸੰਤ ਖਾਲਸੇ** ਦੀ ਨੀਂਹ ਰਖੀ। ਇਸੇ ਦਿਨ ਆਪ ਜੀ ਨੇ ਸਿੱਖਾਂ ਨੂੰ ਸਿੱਖੀ ਮਰਯਾਦਾ ਬਾਰੇ ਦਸਦਿਆਂ ਸਮਾਜ ਵਿਚ ਪ੍ਰਚਲਤ ਭੈੜੇ ਅਤੇ ਫਜ਼ੂਲ ਰਸਮਾਂ ਦੇ ਤਿਆਗਣ ਦਾ ਪਰਚਾਰ ਕੀਤਾ। ਮੜ੍ਹੀਆਂ ਗੋਰਾਂ ਭੂਤਾਂ ਪ੍ਰੇਤਾਂ ਦੇਵੀਆਂ ਅਤੇ ਦੇਵਤਿਆਂ ਦੀ ਪੂਜਾ ਕਰਨ ਦੀ ਥਾਂ ਇਕ ਅਕਾਲ ਪੁਰਖ ਦੇ ਸਿਮਰਨ ਦੀ ਸਿੱਖਿਆ ਦਿੱਤੀ। ਇਸੇ ਦਿਨ ਹੀ ਆਪ ਜੀ ਨੇ ਇਸਤ੍ਰੀਆਂ ਨਾਲ ਹੋ ਰਹੇ ਅਨਿਆਏ ਬਾਰੇ ਦਸਦਿਆਂ ਕਿਹਾ ਕਿ ਜਦ ਇਨ੍ਹਾਂ ਬਿਨਾ ਸਮਾਜ ਜਿੰਦਾ ਨਹੀਂ ਰਹਿ ਸਕਦਾ ਤਾਂ ਫਿਰ ਇਨ੍ਹਾਂ ਦੇ ਭੰਡੀ ਪਰਚਾਰ ਦਾ ਕੀ ਲਾਭ? ਆਪ ਜੀ ਨੇ ਫੁਰਮਾਇਆ ਕਿ ਇਸਤਰੀਆਂ ਵਿਚ ਬਹੁਤ ਗੁਣ ਹਨ, ਅਨੇਕ ਤਰ੍ਹਾਂ ਦੇ ਸੁਖ ਦਿੰਦੀਆਂ ਸਨ। ਤੁਸੀਂ ਆਸਾ ਦੀ ਵਾਰ ਪੜ੍ਹ ਕੇ ਵੇਖੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੀ ਕਿੰਨੀ ਸਿਫਤਿ ਕੀਤੀ ਹੈ,

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ।
ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।

ਸਤਿਗੁਰੂ ਜੀ ਨੇ ਸਮਝਾਇਆ ਕਿ ਜਦ ਆਪ ਨਾਰਾਇਣ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਲਿਖਦੇ ਹਨ ਤਾਂ ਸਾਨੂੰ ਵੀ ਇਸਤਰੀਆਂ ਦੀ ਕਦਰ ਕਰਨੀ ਚਾਹੀਦੀ ਹੈ

ਕਿੰਨਾ ਪਾਪ ਹੈ ਜੰਮਦੀ ਕੁੜੀ ਨੂੰ ਮਾਰ ਦੇਣਾ?
ਕਿੰਨੇ ਨਿਰਦਈ ਹਨ ਇਹ ਨੀਚ ਕੰਮ ਕਰਨ ਵਾਲੇ?

ਤੁਸੀਂ ਆਪ ਹੀ ਸੋਚੋ ਕਿ ਜੇ ਕੁੜੀਆਂ ਮਾਰੀ ਜਾਵੋਗੇ ਤਾਂ ਫਿਰ ਮੁੰਡਿਆਂ ਦੇ ਵਿਆਹ ਕਿੰਨ੍ਹਾਂ ਨਾਲ ਕਰੋਗੇ?

ਹੋਰ ਸੁਣੋ, ਜਿਹੜੇ ਮਾਪੇ ਅਪਣੀਆਂ ਨੌਜਵਾਨ ਕੁੜੀਆਂ ਦੇ ਪੈਸੇ ਲੈ ਕੇ ਬੁੱਢਿਆਂ, ਰੋਗੀਆਂ, ਦੁਰਾਚਾਰੀਆਂ ਜਾਂ ਅੰਗਹੀਨਾਂ ਨਾਲ ਵਿਆਹ ਕਰ ਦਿੰਦੇ ਹਨ ਇਹ ਵੀ ਬਹੁਤ ਭਾਰੀ ਪਾਪ ਹੈ ਅਤੇ ਨੌਜਵਾਨ ਬਚੀਆਂ ਤੇ ਜ਼ੁਲਮ ਹੈ। ਬਚੀਆਂ ਨੂੰ ਵੀ ਅਪਣੇ ਵਰਗਾ ਸਮਝੋ। ਇਹ ਮੱਝਾਂ, ਗਊਆਂ ਜਾਂ ਬਕਰੀਆਂ ਨਹੀਂ ਹਨ ਕਿ ਜਿੱਥੇ ਚਾਹੋ ਵੇਚ ਦੇਉ। ਇਹ ਵੀ ਤੁਹਾਡੀ ਹੀ ਅੰਸ਼ ਹਨ। ਇਨ੍ਹਾਂ ਵਾਸਤੇ ਯੋਗ ਵਰ ਲਭੋ

ਬੱਚੀ ਭਾਵੇਂ ਕਿਸੇ ਗ਼ਰੀਬ ਲੜਕੇ ਨਾਲ ਵੀ ਵਿਹਾਉਣੀ ਪਵੇ ਤਾਂ ਇਸ ਵਿਚ ਕੋਈ ਹਰਜ ਨਹੀਂ। ਜੇ ਜਵਾਈ ਚੰਗਾ ਹੈ ਤਾਂ ਗਰੀਬੀ ਵਿਚ ਵੀ ਲੜਕੀ ਸੁਖੀ ਰਹਿ ਸਕਦੀ ਹੈ ਅਤੇ ਲੜਕੀ ਦਾ ਧਰਮ ਵੀ ਕਾਇਮ ਰਹਿ ਸਕਦਾ ਹੈ। ਯਾਦ ਰਖੋ ਜੇ ਧਰਮ ਹੈ ਤਾਂ ਸਭ ਕੁਛ ਹੈ ਅਤੇ ਜੇ ਧਰਮ ਨਹੀਂ ਤਾਂ ਕੁਛ ਭੀ ਨਹੀਂ।

ਇਕ ਹੋਰ ਗਲ ਮੈਨੂੰ ਯਾਦ ਆਈ ਹੈ "ਬਾਲ ਵਿਵਾਹ" ਦੀ ਬਚਿਆਂ ਦੇ ਵਿਆਹ ਛੋਟੀ ਉਮਰ ਵਿਚ ਹੀ ਕਰ ਦੇਣੇ ਕੋਈ ਸਿਆਣਪ ਨਹੀਂ। ਤੁਸੀਂ ਤਾਂ ਅਪਣੇ ਵਲੋਂ ਬਚਿਆਂ ਦੇ ਵਿਆਹ ਕਰਕੇ ਅਪਣੇ ਸਿਰੋਂ ਭਾਰ ਉਤਾਰਨਾ ਚਾਹੁੰਦੇ ਹੋ ਪਰ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਕਰਨ ਨਾਲ ਇਕ ਤਾਂ ਬੱਚੇ ਨ ਕੋਈ ਪੜ੍ਹ ਸਕਣਗੇ ਅਤੇ ਨ ਹੀ ਕੁਝ ਕੰਮ ਸਿਖ ਸਕਣਗੇ। ਬਾਲ ਅਵਸਥਾ ਪੜ੍ਹਾਈ ਕਰਨ ਵਾਸਤੇ ਹੁੰਦੀ ਹੈ। ਬਚਿਆਂ ਨੂੰ ਪੜ੍ਹਾਓ ਅਤੇ ਕੋਈ ਦਸਤਕਾਰੀ ਕੰਮ ਕਰਨ ਦੀ ਸਿਖਿਆ ਦਿਵਾਓ ਤਾਂ ਜੋ ਵਡੇ ਹੋ ਕੇ ਅਪਣਾ ਗ੍ਰਿਹਸਥੀ ਜੀਵਨ ਚੰਗੀ ਤਰਾਂ ਬਿਤਾ ਸਕਣ ਅਤੇ ਅਪਣਾ ਵਿਹਾਰ ਚੰਗੀ ਤਰ੍ਹਾਂ ਕਰ ਸਕਣ ਅਤੇ ਨਾਲ ਹੀ ਗੁਰਬਾਣੀ ਦਾ ਪਾਠ ਵੀ ਕਰ ਸਕਣ।

ਇਕ ਹੋਰ ਗਲ ਮੇਰੇ ਸਾਮਣੇ ਆਈ ਹੈ ਵਿਧਵਾ ਬੀਬੀਆਂ ਬਾਰੇ। ਕਿਸੇ ਬੀਬੀ ਵਿਚਾਰੀ ਦਾ ਵਿਧਵਾ ਹੋ ਜਾਣਾ ਕਿਸੇ ਦੇ ਵੱਸ ਨਹੀਂ। ਇਹ ਪਰਮਾਤਮਾ ਦੇ ਹੱਥ ਹੈ ਜਾਂ ਕਰਮਾਂ ਦੀ ਖੇਡ ਹੈ। ਵਿਧਵਾ ਹੋ ਜਾਣ ਵਾਲੀ ਬੀਬੀ ਨੂੰ ਕਿੰਨਾ ਦੁਖ ਹੁੰਦਾ ਹੈ? ਇਹ ਉਹ ਹੀ ਜਾਣਦੀ ਹੈ

ਅਖਾਂ ਸਾਮ੍ਹਣੇ ਜਿਦ੍ਹਾ ਮਹਿਬੂਬ ਤੁਰ ਜਾਏ
ਓਹਦੀ ਹਾਲਤ ਨੂੰ ਓਹੋ ਹੀ ਜਾਣਦੀ ਹੈ

ਵਿਧਵਾ ਹੋਣ ਵਾਲੀ ਬੀਬੀ ਨੂੰ ਇਕ ਤਾਂ ਪਤੀ ਦੇ ਚਲੇ ਜਾਣ ਦਾ ਮਹਾਂ ਦੁਖ ਹੁੰਦਾ ਹੈ ਅਤੇ ਦੂਜਾ ਉਸ ਨੂੰ ਜਿੰਦਾ ਸਾੜਨ ਦੀਆਂ ਤਿਆਰੀਆਂ ਕਰਦੇ ਹੋ। ਉਸ ਨੂੰ ਧਰਮ ਦੀਆਂ ਧਮਕੀਆਂ ਦੇ ਕੇ ਅਥਵਾ ਸੁਰਗ ਦੇ ਝੂਠੇ ਲਾਰੇ ਲਾ ਕੇ ਸਤੀ ਹੋਣ ਵਾਸਤੇ ਮਜਬੂਰ ਕਰਦੇ ਹੋ। ਕਿਸੇ ਵਿਧਵਾ ਨੂੰ ਮਜਬੂਰਨ ਜਾਂ ਜਬਰਨ ਸਾੜਨ ਨਾਲ ਉਹ ਸਤੀ ਨਹੀਂ ਹੁੰਦੀ

ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨਿ੍॥

ਸਤੀ ਉਹ ਹੁੰਦੀ ਹੈ ਜਿਹੜੀ

ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍

(ਪੰਨਾ ੭੮੭

Sri Satguru Jagjit Singh Ji Elibrary NamdhariElibrary@gmail.com

ਤੁਹਾਨੂੰ ਵੀਚਾਰ ਕਰਨੀ ਚਾਹੀਦੀ ਹੈ ਕਿ ਜੇ ਇਕ ਜੀਅ (ਪਤੀ) ਅਪਣੇ ਕਰਮਾਂ ਅਨੁਸਾਰ ਚੜ੍ਹਾਈ ਕਰ ਗਿਆ ਹੈ ਤਾਂ ਦੂਜੇ ਜੀਅ (ਪਤਨੀ) ਨੂੰ ਤਾਂ ਐਵੇਂ ਹੀ ਨਾ ਮਾਰੋ। ਜੇ ਤੁਹਾਨੂੰ ਉਸ ਵਿਧਵਾ ਹੋਣ ਵਾਲੀ ਬੀਬੀ ਨਾਲ ਸੱਚੀ ਹਮਦਰਦੀ ਹੈ ਤਾਂ ਉਸ ਦੀ ਮਦਦ ਕਰੋ, ਉਸ ਦੇ ਗੁਜ਼ਾਰੇ ਜੋਗਾ ਪ੍ਰਬੰਧ ਕਰੋ ਅਤੇ ਜੇ ਕੋਈ ਜੋਗ ਆਦਮੀ ਮਿਲ ਸਕਦਾ ਹੋਵੇ ਤਾਂ ਉਸ ਨਾਲ ਵਿਆਹ ਕਰਾ ਦੇਣ ਦੀ ਮਦਦ ਕਰੋ ਇਹ ਬਹੁਤ ਵਡਾ ਪੁੰਨ ਹੈ, ਇਸ ਵਿਚ ਨਾ ਕੋਈ ਹਰਜ ਹੈ ਅਤੇ ਨਾ ਹੀ ਇਹ ਅਪਸਗਨ ਹੈ

ਇੰਨਾ ਲਿਖਣ ਦਾ ਭਾਵ ਹੈ ਕਿ ਸਤਿਗੁਰੂ ਜੀ ਨੇ ਪਹਿਲਾਂ ਬੜਾ ਸਮਝਾਇਆ ਅਤੇ ਫਿਰ ਕਿਹਾ ਭਾਈ ਮੈਂ ਤੁਹਾਡੇ ਭਲੇ ਵਾਸਤੇ ਹੀ ਕਹਿੰਦਾ ਹਾਂ ਕਿ ਅਗੇਂ ਤੋਂ ਕੁੜੀਆਂ ਨਾ ਮਾਰਨੀਆਂ ਅਤੇ ਨਾ ਹੀ ਵੇਚਣੀਆਂ। ਬਾਲ ਵਿਆਹ ਨਾ ਕਰਨੇ ਲੜਕੀ ਦਾ ਵਿਆਹ ਘਟ ਤੋਂ ਘਟ ੧੬-੧੭ ਸਾਲ ਦੀ ਉਮਰ ਤੋਂ ਪਹਿਲਾਂ ਨਾ ਕਰਨਾ ਅਤੇ ਲੜਕੇ ਦਾ ਵਿਆਹ ਘਟ ਤੋਂ ਘਟ ੧੮-੨੦ ਸਾਲ ਦੀ ਉਮਰ ਤੋਂ ਪਹਿਲਾਂ ਨਾ ਕਰਨਾ। ਜੇ ਮੇਰੀ ਗਲ ਮੰਨੋ ਤਾਂ ਵੱਟੇ ਦੇ ਵਿਆਹ ਵੀ ਨ ਕਰਨੇ ਅਤੇ ਜੇ ਕਿਸੇ ਵਿਧਵਾ ਬੀਬੀ ਵਾਸਤੇ ਜੋਗ ਆਦਮੀ ਮਿਲ ਜਾਏ ਤਾਂ ਉਸ ਦਾ ਵਿਆਹ ਜ਼ਰੂਰ ਕਰ ਦਿਓ ਇਸ ਵਿਚ ਕੋਈ ਹਰਜ ਨਹੀਂ, ਇਕ ਤਾਂ ਨਵਾਂ ਘਰ ਵੱਸ ਜਾਏਗਾ ਅਤੇ ਦੂਜਾ ਜੋੜੇ ਦੀਆਂ ਅਸੀਸਾਂ ਵੀ ਤੁਹਾਨੂੰ ਮਿਲ ਜਾਣਗੀਆਂ

ਸ੍ਰੀ ਸਤਿਗੁਰੂ ਜੀ ਦਾ ਪਵਿਤ੍ਰ ਉਪਦੇਸ਼ ਸੁਣ ਕੇ ਸਾਰੇ ਸ੍ਰੋਤੇ ਧੰਨ ਸਤਿਗੁਰੂ ਜੀ, ਧੰਨ ਸਤਿਗੁਰੂ ਜੀ, ਕਹਿਣ ਲੱਗ ਪਏ। ਔਰਤਾਂ ਨੇ ਤਾਂ ਖੁਸ਼ ਹੋਣਾ ਹੀ ਸੀ ਕਿ ਸਤਿਗੁਰੂ ਜੀ ਨੇ, ਉਨ੍ਹਾਂ ਨਾਲ ਹੋ ਰਹੇ ਅਨਿਆਏ ਨੂੰ ਖਤਮ ਕਰਨ ਵਾਸਤੇ ਬੀੜਾ ਚੁੱਕ ਲਿਆ ਹੈ ਅਤੇ ਦੂਜੇ ਪਾਸੇ ਆਦਮੀਆਂ ਨੂੰ ਵੀ ਸੋਝੀ ਹੋ ਗਈ ਕਿ ਠੀਕ ਕੁੜੀਆਂ ਮਾਰਨੀਆਂ ਅਤੇ ਕੁੜੀਆਂ ਵੇਚਣੀਆਂ ਕੋਈ ਸਾਊਪਣਾ ਨਹੀਂ ਹੈ, ਨਿਰਾ ਪਾਪ ਹੀ ਪਾਪ ਹੈ।

ਇਸ ਦੇ ਪਿਛੋਂ ਨਾਮਧਾਰੀ ਘਰਾਂ ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਕਰਕੇ ਕੁੜੀਆਂ ਮਾਰਨੀਆਂ ਅਥਵਾ ਵੇਚਣੀਆਂ ਬੰਦ ਹੋ ਗਈਆਂ। ਇਸਤਰੀਆਂ ਪ੍ਰਤੀ ਅਨਾਦਰ ਦੀ ਭਾਵਨਾ ਦਿਨੋ ਦਿਨ ਘਟਣ ਲਗੀ ਅਤੇ ਉਨ੍ਹਾਂ ਦੀ ਕਦਰ ਸਨਮਾਨ ਵਧਣ ਲਗੀ। ਹੁਣ ਔਰਤਾਂ ਵੀ ਸਮਾਜ ਸੁਧਾਰ ਵਿਚ ਹਿੱਸਾ ਪਾਉਣ ਲਗ ਪਈਆਂ ਅਤੇ ਸਾਧ ਸੰਗਤ ਵਿਚ ਵੀ ਬਿਨਾਂ ਕਿਸ ਰੋਕ ਟੋਕ ਤੋਂ ਆਉਣ ਜਾਣ ਲਗ ਪਈਆਂ।

ਪਿਛੇ ਲਿਖਿਆ ਹੈ ਕਿ ਸਤਿਗੁਰੂ ਜੀ ਨੇ ਪਹਿਲੀ ਵੈਸਾਖ ਸੰਮਤ ੧੯੧੪ (AD 1857) ਨੂੰ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿਖੀ ਨੂੰ ਸੁਰਜੀਤ ਕਰਨ ਲਈ ਸੰਤ ਖਾਲਸਾ ਦੀ ਨੀਂਹ ਰਖੀ ਅਤੇ ਸਿਖਾਂ ਨੂੰ ਅੰਮ੍ਰਿਤ ਛਕਾਉਣ ਸ਼ੁਰੂ ਕਰ ਦਿੱਤਾ ਸੀ। ਅੰਮ੍ਰਿਤ ਛਕਣ ਪਿਛੋਂ ਸਿਖਾਂ ਦਾ ਜੀਵਨ ਹੀ ਪਲਟ ਗਿਆ ਸੀ।

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦਾ ਖਾਣ ਪੀਣ ਬਿਲਕੁਲ ਵੈਸ਼ਨੋ (Pure vegetarian) ਹੋ ਗਿਆ ਸੀ । ਬਾਣਾ ਵੀ ਗੁਰਮੁਖੀ ਸੀ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਾਜਾਮਾ, ਪਾਜਾਮੇ ਥਲੇ ਕਛਹਿਰਾ ਅਤੇ ਸੀਸ ਤੇ ਸਫੈਦ ਸਿਧੀ ਦਸਤਾਰ। ਅੰਮ੍ਰਿਤ ਵੇਲੇ ਸਣ ਕੇਸੀ ਇਸ਼ਨਾਨ ਕਰਕੇ ਭਜਨ ਅਤੇ ਗੁਰਬਾਣੀ ਦਾ ਪਾਠ ਕਰਦੇ ਸਨ ਅਤੇ ਕਿਸੇ ਦੇਵੀ ਦੇਵਤੇ ਮੜੀ ਕਬਰ ਜਾਂ ਕਿਸੇ ਬੁਤ ਦੀ ਪੂਜਾ ਨਹੀਂ ਸਨ ਕਰਦੇ । ਉਹ ਤਾਂ

ਰਾਮਸਿੰਘ ਹੀ ਕੋ ਸਤਿਗੁਰੂ ਅਵਤਾਰ ਧੀਰ ਜਾਨੈ
ਜੋ ਬਖਾਨੈਂ ਵੋਹ ਸੋਊ ਮਾਨ ਹੈਂ ਸਭੀ ।

(ਗਿਆਨੀ ਗਿਆਨ ਸਿੰਘ ਜੀ)

ਯਾਦ ਰਹੇ ਕਿ ਸੰਮਤ ੧੯੧੪ ਵੈਸਾਖੀ ਵਾਲੇ ਦਿਨ, ਸਤਿਗੁਰੂ ਜੀ ਨੇ ਅੰਮ੍ਰਿਤ ਸਿਰਫ ਭਾਈਆਂ ਨੂੰ ਹੀ ਛਕਾਇਆ ਸੀ, ਉਸ ਦਿਨ ਤੋਂ ਲੈ ਕੇ ਹਲੀ ਤਕ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ । ਸ਼ਾਇਦ ਮਾਈਆਂ ਬੀਬੀਆਂ ਵਿਚ ਪੂਰੀ ਜਾਗਰਤ ਨਹੀਂ ਆਈ ਹੋਣੀ ।

ਹੁਣ ਆਪਣਿਆਂ ਪਤੀ ਦੇਵਾਂ ਦੀ ਸੁਧਰੀ ਹੋਈ ਹਾਲਤ ਵੇਖ ਕੇ ਅਥਵਾ ਉਨ੍ਹਾਂ ਨੂੰ ਭਜਨ ਕਰਦਿਆਂ ਅਤੇ ਬਾਣੀ ਪੜ੍ਹਦਿਆਂ ਵੇਖਕੇ ਮਾਈਆਂ ਨੂੰ ਵੀ ਅੰਮ੍ਰਿਤ ਛਕਣ ਦਾ ਚਾਅ ਚੜ੍ਹ ਗਿਆ ਤਾਂ ਜੋ ਉਹ ਅਪਣੇ ਫਰਜ਼ ਅਨੁਸਾਰ ਅਪਣੇ ਪਤੀ ਦੇਵਾਂ ਦੀ ਲੰਗਰ ਪਾਣੀ ਦੀ ਸੇਵਾ ਕਰ ਸਕਣ । ਦੂਜੇ ਪਾਸੇ ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤ ਛੱਕ ਕੇ ਮਰਯਾਦਾ ਰਖ ਲਈ ਸੀ ਉਹ ਸੋਚਦੇ ਸਨ ਕਿ ਜੇ ਸਾਡੀਆਂ ਸਿੰਘਣੀਆਂ ਵੀ ਅੰਮ੍ਰਿਤ ਛੱਕ ਕੇ ਮਰਯਾਦਾ ਰਖ ਲੈਣ ਤਾਂ ਸਾਨੂੰ ਬਹੁਤ ਸਹੂਲਤ ਹੋ ਜਾਏਗੀ । ਇਕ ਤਾਂ ਵਕਤ ਦੀ ਬਚਤ ਹੋ ਜਾਏਗੀ ਅਤੇ ਦੂਜਾ ਘਰ ਆਏ ਸਾਧੂ ਸੰਤ ਦੀ ਸੇਵਾ ਵੀ ਹੋ ਜਾਇਆ ਕਰੇਗੀ । ਕਈ ਵਾਰ ਸਿਖਾਂ ਨੇ ਮਾਈਆਂ ਨੂੰ ਵੀ ਅੰਮ੍ਰਿਤ ਛਕਾਉਣ ਵਾਸਤੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਸੀ ਪਰ ਸਤਿਗੁਰੂ ਜੀ ਕਿਸੇ ਖਾਸ ਸਮੇਂ ਦੀ ਉਡੀਕ ਵਿਚ ਸਨ ।

ਔਰਤਾਂ ਮੇਲਿਆਂ ਤੇ ਸਾਧ ਸੰਗਤ ਵਿਚ ਜਾਂਦੀਆਂ ਤਾ ਸਨ ਪਰ ਇਨ੍ਹਾਂ ਦੇ ਬਸਤਰ ਗੁਰਮੁਖੀ ਨਹੀਂ ਸਨ ਹੁੰਦੇ । ਕਛਹਿਰੇ ਤਾਂ ਇਨ੍ਹਾਂ ਨੇ ਹਲੀ ਤਕ ਧਾਰਨ ਹੀ ਸਨ ਕੀਤੇ । ਇਹ ਆਮ ਤੌਰ ਤੇ ਲੁੰਗੀਆਂ ਘਘਰੀਆਂ ਅਤੇ ਸਲਵਾਰਾਂ ਹੀ ਪਾਂਦੀਆਂ ਸਨ ਜਾਂ ਧੋਤੀਆਂ ਬੰਨ੍ਹਦੀਆਂ ਸਨ । ਇਨ੍ਹਾਂ ਦੀ ਨ੍ਹਾਉਣ ਧੋਣ ਦੀ ਕੋਈ ਮਰਯਾਦਾ ਨਹੀਂ ਸੀ । ਘਰਾਂ ਵਿਚ ਜਾਂ ਬਾਹਰ ਖੂਹਾਂ ਤੇ ਮਾੜਾ ਮੋਟਾ ਉਹਲਾ ਕਰ ਕੇ ਨੰਗੀਆਂ ਹੀ ਨਹਾ ਲੈਂਦੀਆਂ ਸਨ ।

ਇਕ ਵੇਰ ਸਤਿਗੁਰੂ ਜੀ ਸਿਖਾਂ ਸਮੇਤ ਸੰਮਤ ੧੯੨੦ (AD 1863) ਵਿਚ ਦੌਰਾ ਕਰਦੇ ਕਰਦੇ ਸਿਆਹੜ ਨਗਰ (ਜ਼ਿਲਾ ਲੁਧਿਆਣਾ) ਗਏ ।

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

ਉਥੇ ਬੀਬੀਆਂ ਨੂੰ ਛੱਪੜ ਵਿਚ ਨਹਾਉਂਦੀਆਂ ਨੂੰ ਵੇਖਕੇ ਸਿੱਖਾਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਮਾਈਆਂ ਬੀਬੀਆਂ ਨੂੰ ਵੀ ਪਰਦਾ ਬਖਸ਼ੋ।" ਸਤਿਗੁਰੂ ਜੀ ਨੇ ਉਸੇ ਦਿਨ ਦੀਵਾਨ ਵਿਚ ਐਲਾਨ ਕੀਤਾ ਕਿ ਕਲ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਜਾਏਗਾ, ਜਿਨ੍ਹਾਂ ਬੀਬੀਆਂ ਨੇ ਛਕਣਾ ਹੋਵੇ ਉਹ ਸਣੇ ਕੇਸੀਂ ਇਸ਼ਨਾਨ ਕਰਕੇ ਤੇੜ ਕਛਹਿਰੇ ਅਤੇ ਉਪਰ ਚਿੱਟੇ ਬਸਤਰ ਪਹਿਨ ਕੇ ਆਉਣ, ਸਾਰੀਆਂ ਬੀਬੀਆਂ ਨੰਗੇ ਮੂੰਹ ਦੀਵਾਨ ਵਿਚ ਆਉਣ।

ਅਗਲੇ ਦਿਨ ਬੜੀ ਸੰਗਤ ਦੀਵਾਨ ਵਿਚ ਆਈ, ਤਮਾਸ਼ਬੀਨ ਵੀ ਬੜੇ ਆਏ। ਪਿੰਡਾਲ ਵਿਚ ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਸੱਚੇ ਪਾਤਸ਼ਾਹ ਜੀ ਅਪਣੇ ਆਸਣ ਤੇ ਸੁਸ਼ੋਭਤ ਸਨ। ਸੰਗਤ ਵਾਰੀ ਵਾਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਪਿੰਡਾਲ ਵਿਚ ਬਹਿੰਦੀ ਗਈ। ਪਿੰਡਾਲ ਦੇ ਇਕ ਪਾਸੇ ਪੰਜਾਂ ਸਿੰਘਾਂ ਨੇ ਮਰਿਆਦਾ ਅਨੁਸਾਰ ਅੰਮ੍ਰਿਤ ਤਿਆਰ ਕਰ ਲਿਆ ਸੀ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿਨ੍ਹਾਂ ਬੀਬੀਆਂ ਨੇ ਅੰਮ੍ਰਿਤ ਛਕਣਾ ਹੈ ਉਹ ਅਗੇ ਆਉਣ। ਉਸ ਪਹਿਲੇ ਦਿਨ ਦੇ ਅੰਮ੍ਰਿਤ ਪਰਚਾਰ ਵਿਚ ੬ ਬੀਬੀਆਂ ਸ਼ਾਮਲ ਹੋਈਆਂ। ਉਨ੍ਹਾਂ ਦੇ ਨਾਮ ਇਹ ਹਨ

(1) ਬੀਬੀ ਖੇਮ ਕੌਰ ਜੀ। (ਇਸ ਬੀਬੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਛਕਿਆ ਸੀ)
(2) ਮਾਈ ਇੰਦ ਕੌਰ ਜੀ
(3) ਬੀਬੀ ਸਾਹਿਬ ਕੌਰ ਜੀ
(4) ਬੀਬੀ ਕਰਮ ਕੌਰ ਜੀ
(5) ਮਾਈ ਗੁਰਦਈ ਕੌਰ ਜੀ
(6) ਮਾਈ ਦਿਆਲ ਕੌਰ ਜੀ

ਦੂਜੀ ਵਾਰ ਦਸ ਹੋਰ ਬੀਬੀਆਂ ਨੇ ਅੰਮ੍ਰਿਤ ਛਕਿਆ। ਇਨ੍ਹਾਂ ਦਸਾਂ ਮਾਈਆਂ ਬੀਬੀਆਂ ਵਿਚ ਸਤਿਗੁਰੂ ਜੀ ਦੇ ਮਾਤਾ ਜੀ, ਮਾਤਾ ਸਦਾ ਕੌਰ ਜੀ ਅਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ ਵੀ ਸਨ। ਇਸ ਤੋਂ ਪਿਛੋਂ ਹੋਰ ਵੀ ਕਈਆਂ ਬੀਬੀਆਂ ਨੇ ਅੰਮ੍ਰਿਤ ਛਕਿਆ।

ਅੰਮ੍ਰਿਤ ਛਕਾਣ ਤੋਂ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਮਾਈਆਂ ਅਪਣੇ ਪਤੀਆਂ ਅਤੇ ਭਰਾਵਾਂ ਨੂੰ ਪੂਰਾ ਸਹਿਯੋਗ ਦੇਣ। ਜੇ ਉਹ ਗੁਰਮਤ ਵਿਚ ਠੀਕ ਜਾ ਰਹੇ ਹੋਣ, ਤਾਂ ਐਵੇਂ ਨ ਉਨ੍ਹਾਂ ਦੀ ਟੋਕਾ ਟਾਕੀ ਕਰਨ ਅਤੇ ਜੇ ਉਹ ਠੀਕ ਨ ਜਾ ਰਹੇ ਹੋਣ ਤਾਂ ਉਨ੍ਹਾਂ ਨੂੰ ਪਰੇਰ ਕੇ ਗੁਰਮਤ ਵਲ ਲਿਆਉਣ
ਸਾਰੇ ਮਾਈ ਭਾਈ ਪੰਜ ਕਕਾਰ ਦੀ ਰਹਿਤ ਰਖਣ, ਸੁੱਚ ਸੰਜਮ ਦਾ ਧਿਆਨ ਰਖਣ
ਸਭ ਮਾਈ ਭਾਈ ਗੁਰਮੁਖੀ ਪੜ੍ਹਨ। ਗੁਰਬਾਣੀ ਕੰਠ ਕਰਨ।
ਦਾਰੂ ਮਾਸ ਨਹੀਂ ਖਾਣਾ ਪੀਣਾ। ਸਾਦਾ ਖਾਣਾ ਅਤੇ ਸਾਦਾ ਪਹਿਨਣਾ।
ਕਿਸੇ ਜਾਦੂ ਟੂਣੇ ਤੇ ਵਿਸ਼ਵਾਸ ਨਹੀਂ ਕਰਨਾ, ਭਰਮਾਂ ਵਹਿਮਾਂ ਨੂੰ ਤਿਆਗ

Sri Satguru Jagjit Singh Ji Elibrary NamdhariElibrary@gmail.com

ਕੇ ਗੁਰਬਾਣੀ ਦਾ ਪਾਠ ਕਰਨਾ ਅਤੇ ਗੁਰਮੰਤ੍ਰ (ਭਜਨ) ਦਾ ਜਾਪ ਕਰਨਾ। ਯਾਦ ਰਖੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਗੁਰਮੰਤ੍ਰ ਉੱਤੇ (੪੦) ਚਾਲੀ ਜੁਗ ਤਪੱਸਿਆ ਕੀਤੀ ਹੋਈ ਹੈ। ਇਸ ਗੁਰਮੰਤ੍ਰ ਅਗੇ ਹੋਰ ਸਭ ਮੰਤ੍ਰ ਹੇਚ ਹਨ। ਇਹ ਵੀ ਯਾਦ ਰਖੋ ਕਿ

## ਸਰਬ ਰੋਗ ਕਾ ਅਉਖਦੁ ਨਾਮੁ

ਗੀ ਹੈ। ਹੋਰ ਕੁੜੀਆਂ ਨਹੀ ਮਾਰਨੀਆਂ ਅਤੇ ਨ ਹੀ ਵੇਚਣੀਆਂ, ਇਹ ਬਹੁਤ ਵਡਾ ਪਾਪ ਹੈ ਇਤਿ ਆਦਿ।

ਇਸ ਦਿਨ ਤੋਂ ਪਿਛੋਂ ਜਿਥੇ ਸਿਖ ਅੰਮ੍ਰਿਤ ਛਕਦੇ ਉਥੇ ਮਾਈਆਂ ਵੀ ਛਕਣ ਲਗ ਪਈਆਂ, ਕੋਈ ਪਾਬੰਦੀ ਨਹੀਂ ਸੀ। ਇਹ ਸਮਾਜ ਵਿਚ ਇਕ ਵਡਾ ਪਰਿਵਰਤਨ ਸੀ ਕਿ ਮਾਈਆਂ ਵੀ ਭਾਈਆਂ ਸਮਾਨ ਭਜਨ ਬਾਣੀ ਕਰਨ ਲਗ ਪਈਆਂ ਸਨ ਅਤੇ ਸਮਾਜਕ ਕੰਮਾਂ ਵਿਚ ਵੀ ਹਿੱਸਾ ਲੈਣ ਲਗ ਪਈਆਂ ਸਨ। ਵੈਸੇ ਵੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਪਹਿਲੋਂ ਹੀ ਲਿਖ ਗਏ ਕਿ ਬਾਰ੍ਹਵਾਂ ਜਾਮਾ

## ਨਰ ਨਾਰੀ ਕਉ ਨਾਮ ਜਪਾਵੈ

ਗਿਆਨੀ ਤੇਜਾ ਸਿੰਘ ਜੀ ਲਿਖਦੇ ਹਨ :-

ਮੁੜ ਸਾਜ ਸਿੱਖੀ ਪਹਿਲੇ ਨਾਲੋਂ ਤਿੱਖੀ, ਨਾਮ ਨਾਮਧਾਰੀ ਪੰਥ ਵਧਾਵਣੇ ਨੂੰ।
ਪਿੰਡ ਪਿੰਡ ਦੌਰੇ ਜਦੋਂ ਸ਼ੁਰੂ ਕੀਤੇ, ਸਿਆਹੜ ਨਗਰ ਨੂੰ ਭਾਗ ਲਗਾਵਣੇ ਨੂੰ।
ਕੰਨ ਭਜਨ ਦੇ ਠੱਗਾਂ ਚੋਰਾਂ ਤਾਈਂ, ਛੱਡ ਅਮਲ ਨੂੰ ਸੰਤ ਬਣਾਵਣੇ ਨੂੰ।
ਸਿੱਖਾਂ ਦੇਖੀਆਂ ਬੀਬੀਆਂ ਦਾਬ ਕੰਢੇ, ਚਲ ਘਰਾਂ ਤੋਂ ਆਈਆਂ ਨ੍ਹਾਵਣੇ ਨੂੰ।

ਹੱਥ ਜੋੜ ਆ ਸਿੰਘਾਂ ਨੇ ਅਰਜ਼ ਕੀਤੀ ਔਰਤ ਜਾਤੀ ਨੂੰ ਵਿਚ ਰਲਾਵਣੇ ਨੂੰ।
ਗੁਰਾਂ ਹੁਕਮ ਲਾਇਆ ਸੱਦੋ ਬੀਬੀਆਂ ਨੂੰ ਅੰਮ੍ਰਿਤ ਖੰਡੇ ਦੀ ਦਾਤ ਦਿਵਾਵਣੇ ਨੂੰ।
ਪਾਨ ਕਰੋ ਅੰਮ੍ਰਿਤ ਚਿੱਟੇ ਪਹਿਨ ਬਸਤਰ, ਵਿਚ ਸਿੱਖੀ ਦੇ ਸ਼ਾਮਲ ਕਰਾਵਣੇ ਨੂੰ।
ਖੇਮ ਕੌਰ ਆਈ, ਇੰਦ ਕੌਰ ਆਈ, ਹੋਰ ਨਾਲ ਆਈਆਂ ਬਖਸ਼ਾਵਣੇ ਨੂੰ।

ਦਸ ਬਾਰਾਂ ਹੋਰ ਵੀ ਨਾਲ ਆਈਆਂ, ਪਤੀ ਦੇਵਾਂ ਦਾ ਸਾਥ ਨਿਭਾਵਣੇ ਨੂੰ।
ਅਨੰਤ ਕਲਾ ਦੇ ਠਾਕੁਰ ਨੇ ਕਰੀ ਕ੍ਰਿਪਾ, ਸਿੱਖੀ ਘਾਟ ਨੂੰ ਪੂਰਾ ਕਰਾਵਣੇ ਨੂੰ।
ਮੇਰੇ ਜ਼ਿੰਮੇ ਇਹ ਸੇਵਾ ਹੈ ਲਾਈ ਮਾਲਕ, ਕਲਗੀ ਵਾਲੇ ਦਾ ਬਚਨ ਕਮਾਵਣੇ ਨੂੰ।
ਪੰਥ ਸਾਜਿਆ ਹੁਕਮ ਅਕਾਲ ਦਾ ਹੈ, ਅੜੇ ਝੜੇ ਸੋ ਮਾਰ ਖਾਵਣੇ ਨੂੰ।

ਇਸ ਪੰਥ ਦੀ ਜੜ੍ਹ ਪਤਾਲ ਲਾਣੀ ਮੈਂ ਆਇਆ ਹਾਂ ਪੱਕੀ ਕਰਾਵਣੇ ਨੂੰ
ਇਸ ਕਲ ਦੇ ਅੰਦਰ ਮੈਂ ਲਾਉਂ ਸਤਿਜੁਗ ਇਕ ਨਵਾਂ ਹੀ ਖੇਲ ਰਚਾਵਣੇ ਨੂੰ
ਉੱਚਾ ਕਰੂੰਗਾ ਸਭ ਤੋਂ ਗਿਰਤ ਮਾਰਗ, ਗੱਡੀ ਦੋ ਪਹੀਏ ਦੀ ਚਲਾਵਣੇ ਨੂੰ
ਇਕ ਪ੍ਰਭੂ ਭਗਤੀ ਜਿਸ ਤੋਂ ਮਿਲੇ ਮੁਕਤੀ, ਮੁਕਤੀ ਦੇਸ ਅਜ਼ਾਦ ਕਰਾਵਣੇ ਨੂੰ

Sri Satguru Jagjit Singh Ji Elibrary NamdhariElibrary@gmail.com

ਧਰਮ ਸ਼ਾਸਤ੍ਰਾਂ ਵਿਚ ਮਨੁਖਾਂ ਨੂੰ ਚਾਰ ਵਰਨਾਂ ਵਿਚ ਵੰਡਿਆ ਹੈ ।

(1) ਬ੍ਰਾਹਮਣ (2) ਛਤ੍ਰੀ (3) ਵੈਸ਼ਜ (4) ਸੂਦ੍ਰ

ਇਨ੍ਹਾਂ ਦੇ ਕਰਮ ਵੀ ਵਖਰੇ ਵਖਰੇ ਵੰਡੇ ਹੋਇ ਹਨ ।

ਬ੍ਰਾਹਮਣ ਦੇ ਕਰਮ ਹਨ ਵਿਦਿਆ ਪੜ੍ਹਨੀ ਪੜ੍ਹਾਉਣੀ ਯਗਜ ਕਰਨਾ ਕਰਾਉਨਾ ਆਦਿ
ਛਤ੍ਰੀ ਦਾ ਕੰਮ ਹੈ ਦੇਸ਼ ਦੀ ਅਤੇ ਪ੍ਰਜਾ ਦੀ ਰਖਿਆ ਕਰਨੀ
ਵੈਸ਼ਜ ਦਾ ਕੰਮ ਹੈ ਖੇਤੀ ਬਾੜੀ ਕਰਨੀ ਵਣਿਜ ਕਰਨਾ ਅਤੇ ਪਸ਼ੂਆਂ ਦੀ ਪਾਲਨਾ ਕਰਨੀ
ਸੂਦ੍ਰ ਦਾ ਕੰਮ ਹੈ ਤਿੰਨਾ ਵਰਨਾਂ ਦੀ ਸੇਵਾ ਕਰਨੀ

ਬ੍ਰਾਹਮਣ ਅਪਣੇ ਉੱਤਮ ਕਰਮਾਂ ਕਰਕੇ ਅਤੇ ਸੱਚਾ ਸੁੱਚਾ ਜੀਵਨ ਕਰਕੇ ਪੂਜੇ ਅਥਵਾ ਸਤਿਕਾਰੇ ਜਾਂਦੇ ਸਨ ।

ਸ੍ਰੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**
**ਸੀਲ ਸੰਤੋਖ ਕਾ ਰਖੈ ਧਰਮੁ ॥**
**ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥**
(ਪੰਨਾ ੧੪੧੧)

ਸਮੇਂ ਦੇ ਪਰਿਵਰਤਨ ਨਾਲ ਬ੍ਰਾਹਮਣ ਕਰਮ ਧਰਮ ਕਰਦੇ ਤੇ ਹਨ ਪਰ ਨਿਰਾ ਵਖਾਵਾ । ਜਪੁ, ਤਪੁ, ਸੰਜਮੁ ਸੀਲ ਸੰਤੋਖ ਤਾਂ ਹੈ ਨਹੀ ਪਰ ਬ੍ਰਾਹਮਣਾਂ ਦੇ ਘਰ ਦੇ ਜਨਮ ਦੇ ਅਹੰਕਾਰ ਵਿਚ ਮਤੇ ਫਿਰਦੇ ਹਨ । ਇਸੇ ਅਹੰਕਾਰ ਵਿਚ ਧਰਮ ਦੇ ਠੇਕੇਦਾਰ ਬਣੇ ਬੈਠੇ ਹਨ । ਇਹ ਸਮਝਦੇ ਹਨ ਕਿ ਹਵਨ, ਯੱਗ, ਵਿਆਹ ਸ਼ਾਦੀਆਂ, ਮਰਣੈ ਪਰਣੈ ਦੇ ਸਾਰੇ ਕੰਮ, ਸਾਡੇ ਤੋਂ ਬਿਨਾਂ ਹੋਰ ਕੋਈ ਕਰ ਹੀ ਨਹੀਂ ਸਕਦਾ । ਇਸੇ ਗੁਮਾਨ ਵਿਚ ਲੋਕਾਂ ਨੂੰ ਵਹਿਮਾਂ ਭਰਮਾਂ ਅਤੇ ਪਾਖੰਡਾਂ ਵਿਚ ਪਾ ਕੇ ਅਪਣੇ ਲਾਲਚ ਵਾਸਤੇ ਫ਼ਜ਼ੂਲ ਰਸਮਾਂ ਰਿਵਾਜਾਂ ਦਾ ਪਰਚਾਰ ਕਰਦੇ ਫਿਰਦੇ ਹਨ

**ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥**
**ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥**
(ਪੰਨਾ ੨੦੧)"

ਭਗਤ ਸ੍ਰੀ ਕਬੀਰ ਜੀ ਲਿਖਦੇ ਹਨ

**ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥**
**ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥**

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਹੜੇ ਕਿ ਸਮਾਜ ਵਿਚੋਂ ਗੰਦੀਆਂ ਰਸਮਾਂ ਛਾਂਟ ਛਾਂਟ ਕਢ ਰਹੇ ਸਨ, ਉਹ ਭਲਾ ਇਨ੍ਹਾਂ ਵਿਆਹ ਸ਼ਾਦੀਆਂ ਦੀਆਂ ਲਕ ਤੋੜ ਰਸਮਾਂ ਵਲ ਧਿਆਨ ਕਿਉਂ ਨ ਦਿੰਦੇ ? ਜਦੋਂ ਵੇਖਿਆ ਕਿ ਉਨ੍ਹਾਂ ਦੇ ਸਿਖਾਂ ਵਿਚ ਜਾਗਰਤ ਆ ਗਈ ਹੈ ਅਤੇ ਮਾਈਆਂ ਬੀਬੀਆਂ ਵੀ ਸਮਾਜ ਵਿਚ ਪਰਚਲਤ ਫਜ਼ੂਲ ਅਤੇ ਵਾਧੂ ਰਸਮਾਂ ਰਿਵਾਜਾਂ ਤੋਂ ਤੰਗ ਆ ਕੇ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੀਆਂ ਹਨ ਤਾਂ ਸ੍ਰੀ ਸਤਿਗੁਰੂ ਜੀ ਨੇ ਵਿਆਹ ਦੀ ਰਸਮ ਵਲ ਧਿਆਨ ਦਿੱਤਾ

ਸਤਿਗੁਰੂ ਜੀ ਭਾਵੇਂ ਸਮਰਥ ਹਨ ਪਰ ਜੁਗਾਂ ਤੋਂ ਪੰਡਤਾਂ ਰਾਹੀਂ ਵਿਆਹ ਸ਼ਾਦੀ ਦੀ ਚਲਦੀ ਆ ਰਹੀ ਰਸਮ ਵਿਚ ਕੋਈ ਵੀ ਤਬਦੀਲੀ ਕਰਨੀ ਪੰਡਤਾਂ ਨਾਲ ਲੜਾਈ ਝਗੜੇ ਦਾ ਕਾਰਨ ਬਣ ਸਕਦੀ ਸੀ । ਆਪ ਜੀ ਨੇ ਕੁਝ ਮੁਖੀ ਸਿੱਖਾਂ ਨਾਲ ਵਿਆਹ ਦੀ ਰਸਮ ਦੇ ਸੁਧਾਰ ਬਾਰੇ ਮਸ਼ਵਰਾ ਕੀਤਾ । ਸਿਖਾਂ ਅਰਜ਼ ਕੀਤੀ ਕਿ ਅਸੀਂ ਤਾਂ ਵਿਆਹ ਬਾਰੇ ਬ੍ਰਾਹਮਣਾਂ ਦੇ ਮਹੂਰਤ ਕਢਣ, ਲਗਨ ਸ਼ਗਨ ਵਿਚਾਰਨ ਅਤੇ ਹੋਰ ਕਈ ਪਾਖੰਡਾਂ ਤੋਂ ਤੰਗ ਆ ਗਏ ਹਾਂ । ਇਹ ਬ੍ਰਾਹਮਣ ਹੁੱਕੇ ਪੀਂਦੇ ਹਨ ਅਤੇ ਮਾਸ ਸ਼ਰਾਬ ਵੀ ਖਾ ਪੀ ਲੈਂਦੇ ਹਨ, ਸਾਡਾ ਦਿਲ ਤਾਂ ਇਨ੍ਹਾਂ ਦੇ ਹਥੋਂ ਕੁਝ ਪਰਸ਼ਾਦ ਲੈਣ ਤੇ ਵੀ ਨਹੀਂ ਕਰਦਾ । ਆਪ ਕਿਰਪਾ ਕਰੋ ਸਾਨੂੰ ਇਨ੍ਹਾਂ ਦੀ ਗੁਲਾਮੀ ਅਥਵਾ ਇਨ੍ਹਾਂ ਦੀ ਮੁਹਤਾਜੀ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰੋ।

ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਭਾਈ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਉਚਾਰੀਆਂ ਹੋਈਆਂ ਚਾਰ ਲਾਵਾਂ ਦਰਜ ਹਨ । ਉਨ੍ਹਾਂ ਨੇ ਤਾਂ ਸਿੱਖਾਂ ਵਾਸਤੇ ਉਚਾਰੀਆਂ ਸਨ, ਪਤਾ ਨਹੀਂ ਹਾਲੀ ਤਕ ਪਰਚਲਤ ਕਿਉਂ ਨਹੀਂ ਹੋਈਆਂ, ਇਨ੍ਹਾਂ ਨੂੰ ਪ੍ਰਚਲਤ ਕਰਨ ਵਾਸਤੇ ਸ਼ਾਇਦ ਅਕਾਲ ਪੁਰਖ ਨੇ ਮੇਰੇ ਕੋਲੋਂ ਹੀ ਕੰਮ ਲੈਣਾ ਹੋਵੇ । ਅੱਛਾ, ਕੋਸ਼ਿਸ਼ ਕਰਦੇ ਹਾਂ ਅਗੋਂ ਜੋ ਅਕਾਲ ਪੁਰਖ ਦੀ ਰਜ਼ਾ । ਸਤਿਗੁਰੂ ਜੀ ਨੇ ਸਾਰੀ ਮਰਿਆਦਾ ਸਮਝਾ ਦਿੱਤੀ ਕਿ ਵਿਆਹ ਕਿਸ ਤਰਾਂ ਕਰਨੇ ਹਨ । ਪਹਿਲਾਂ ਪੰਜ ਸਿੱਖ ਸੁੱਚ ਸੋਧ ਦਾ ਇਸ਼ਨਾਨ ਕਰ ਕੇ ਅੰਮ੍ਰਿਤ ਤਿਆਰ ਕਰਨ । ਵੇਦੀ ਦੇ ਵਿਚਕਾਰ ਹਵਨ ਕੁੰਡ ਬਣਾਇਆ ਜਾਵੇ ਹਵਨ ਕੁੰਡ ਦੇ ਕੋਲ ਸੱਤ ਸੋਧੀ ਸਿੱਖ ਆਸਣ ਵਿਛਾ ਕੇ ਬਹਿ ਜਾਣ । ਪੰਜ ਸਿੱਖ ਇਹ ਬਾਣੀਆਂ ਪੜ੍ਹਨ ਜਪੁ ਜੀ ਸਾਹਿਬ, ਜਾਪੁ ਸਾਹਿਬ, ਅਕਾਲ ਉਸਤਤ, ਚੰਡੀ ਚਰਿਤ੍ਰ ਅਤੇ ਚੌਪਈ (ਪੁਨਿ ਰਾਛਸ ਕਾ ਕਾਟਾ ਸੀਸਾ), ਛੇਵਾਂ ਅਹੂਤੀ ਪਾਵੇ ਅਤੇ ਸਤਵਾਂ ਸਿੱਖ ਮਗਰੋਂ ਜਲ ਦਾ ਛਿੱਟਾ ਦੇਵੇ । ਛੇਵਾਂ ਅਤੇ ਸਤਵਾਂ ਸਿੱਖ ਭਜਨ ਕਰਨ । ਹਵਨ ਦੇ ਆਰੰਭ ਅਤੇ ਸਮਾਪਤੀ ਤੇ ਅਰਦਾਸ ਕੀਤੀ ਜਾਏ । ਵਿਆਹ ਵਾਲੇ ਜੋੜੇ ਨੂੰ ਵੇਦੀ ਥਲੇ ਬਿਠਾ ਕੇ ਅੰਮ੍ਰਿਤ ਛਕਾਇਆ ਜਾਏ ਅਤੇ ਕੰਨ ਵਿਚ ਭਜਨ ਦਿੱਤਾ ਜਾਏ । ਵਿਆਹ ਵਾਲੀ ਬੀਬੀ ਸਫੈਦ ਬਸਤਰ ਪਹਿਨ ਕੇ ਨੰਗੇ ਮੂੰਹ ਸਾਧ ਸੰਗਤ ਵਿਚ ਆਵੇ । ਵਿਆਹ ਵਾਲੇ ਲੜਕੇ ਦੇ ਬਸਤਰ ਵੀ ਸਫੈਦ ਹੀ ਹੋਣ ਇਹ ਦੋਵੇਂ ਪੰਜ ਕਕਾਰ ਦੇ ਧਾਰਨੀ ਹੋਣ । ਅੰਮ੍ਰਿਤ ਛਕਣ ਦੇ ਉਪਰੰਤ ਗੰਢ ਚਤਰਾਵਾ ਕੀਤਾ ਜਾਏ । ਸਾਰੀ ਤਿਆਰੀ ਕਰਕੇ ਪਾਠੀ ਸਿੰਘ ਸ੍ਰੀ ਗ੍ਰੰਥ ਸਾਹਿਬ ਜੀ ਤੋਂ ਲਾਵਾਂ

Sri Satguru Jagjit Singh Ji Elibrary NamdhariElibrary@gmail.com

ਦਾ ਪਾਠ ਉੱਚੀ ਅਵਾਜ਼ ਨਾਲ ਕਰਨ । ਇਸ ਦੇ ਨਾਲ ਹੀ ਵਿਆਹ (ਅਨੰਦ ਕਾਰਜ) ਵਾਲਾ ਜੋੜਾ ਖੜੋ ਜਾਏ ਅਤੇ ਲੜਕਾ ਅਗੇ ਲੜਕੀ ਪਿਛੇ ਹਵਨ ਕੁੰਡ ਨੂੰ ਖੱਬੇ ਰਖਕੇ ਹਵਨ ਕੁੰਡ ਦੀਆਂ ਪਰਕਰਮਾ ਕਰਨੀਆਂ ਸ਼ੁਰੂ ਕਰੇ ਹਰ ਲਾਵ ਦੇ ਪਾਠ ਨਾਲ ਇਕ ਪਰਕਰਮਾ ਕੀਤੀ ਜਾਏ ਭਾਵ ਚਹੁੰ ਲਾਵਾਂ ਦੇ ਪਾਠ ਨਾਲ ਚਾਰ ਪਰਕਰਮਾਂ ਕੀਤੀਆਂ ਜਾਣ । ਉਪਰੰਤ ਵਿਆਹ ਵਾਲਾ ਜੋੜਾ ਬਹਿ ਜਾਏ । ਇਸ ਦੇ ਪਿਛੋਂ ਜੇ ਕਿਸ ਨੇ ਪਾਠ ਦੇ ਭੋਗ ਪਵਾਉਣਾ ਹੋਵੇ ਤਾਂ ਭੋਗ ਪਾ ਲਉ, ਨਹੀਂ ਤਾਂ ਰਾਗੀ ਸਿੰਘ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਆਖਰੀ ਪਉੜੀ ਪੜ੍ਹਨ ਇਸ ਦੇ ਪਿਛੋਂ ਜਪੁ ਜੀ ਸਾਹਿਬ ਦਾ ਆਖਰੀ ਸਲੋਕ (ਪਵਣੁ ਗੁਰੂ ਪਾਣੀ ਪਿਤਾ) ਪੜ੍ਹਨ । ਫਿਰ ਅਰਦਾਸ ਕੀਤੀ ਜਾਏ । ਫਿਰ ਪਰਸਾਦ ਵਰਤਾਇਆ ਜਾਏ ।

ਸ੍ਰੀ ਸਤਿਗੁਰੂ ਜੀ ਨੇ ਸਾਰੀ ਮਰਿਆਦਾ ਸਮਝਾਉਣ ਤੋਂ ਪਿਛੋਂ ਹੁਕਮ ਕੀਤਾ ਕਿ ਇਸ ਨਵੀਂ ਮਰਿਆਦਾ ਅਨੁਸਾਰ ਵਿਆਹ (ਅਨੰਦ ਕਾਰਜ) ਜੇਠ ਸੁਦੀ ੧੦ ਸੰਮਤ ੧੯੨੦ (੩ ਜੂਨ ਸੰਨ ੧੮੬੩) ਨੂੰ ਪਿੰਡ ਖੋਟਿਆਂ ਵਿਖੇ ਕੀਤੇ ਜਾਣਗੇ ਜਿਨ੍ਹਾਂ ਸਿੱਖਾਂ ਨੇ ਅਪਣੇ ਲੜਕੇ ਲੜਕੀਆਂ ਦੇ ਵਿਆਹ ਇਸ ਨਵੀਂ ਮਰਯਾਦਾ ਅਨੁਸਾਰ ਕਰਨੇ ਹੋਣ ਉਹ ਸਮੇਂ ਸਿਰ ਪਿੰਡ ਖੋਟਿਆਂ ਵਿਖੇ ਪਹੁੰਚ ਜਾਣ । ਸ੍ਰੀ ਸਤਿਗੁਰੂ ਜੀ ਨੇ ਇਹ ਵੀ ਸਿਖਿਆ ਦਿੱਤੀ ਕਿ ਬਚਿਆਂ ਦੇ ਰਿਸ਼ਤੇ ਕਰਨ ਸਮੇਂ ਜਾਤ ਪਾਤ ਦਾ ਧਿਆਨ ਨ ਰਖਿਆ ਕਰੋ। ਜਿਨ੍ਹਾਂ ਨਾਲ ਰੋਟੀ ਦੀ ਸਾਂਝ ਹੈ ਉਨ੍ਹਾਂ ਨਾਲ ਬੇਟੀ ਦੀ ਸਾਂਝ ਸਥਾਪਤ ਕਰਨ ਵਿਚ ਕੋਈ ਹਰਜ ਨਹੀਂ।

ਭਾਵੇਂ ਇਸ਼ਤਿਹਾਰ ਬਾਜ਼ੀ ਤਾਂ ਨਹੀਂ ਸੀ ਕੀਤੀ ਗਈ ਪਰ ਸਿੱਖਾਂ ਦੇ ਜ਼ਬਾਨੀ ਪਰਚਾਰ ਸਦਕਾ ਸੰਗਤ ਹੁੰਮ ਹੁਮਾ ਕੇ ੨ ਜੂਨ ਨੂੰ ਪਿੰਡ ਖੋਟਿਆਂ ਵਿਖੇ ਪਹੁੰਚ ਗਈ । ਨਾਮਧਾਰੀਆਂ ਤੋਂ ਬਿਨਾਂ ਹੋਰ ਵੀ ਤਮਾਸ਼ਬੀਨ ਆਏ । ਅਪਣੀ ਹੇਠੀ ਸਮਝ ਕੇ ਦੂਰ ਨੇੜੇ ਦੇ ਬ੍ਰਾਹਮਣ ਵੀ ਝਗੜਾ ਕਰਨ ਵਾਸਤੇ ਬਹੁਤ ਆਏ

੩ ਜੂਨ ਸੰਨ ੧੮੬੩ ਨੂੰ ਅੰਮ੍ਰਿਤ ਵੇਲੇ ਸੰਗਤ ਸਣੇ ਕੇਸੀਂ ਇਸ਼ਨਾਨ ਕਰਕੇ ਦੀਵਾਨ ਸਥਾਨ ਤੇ ਪਹੁੰਚ ਗਈ । ਦੀਵਾਨ ਸਥਾਨ ਤੇ ਇਕ ਪਾਸੇ ਸ੍ਰੀ ਸਤਿਗੁਰੂ ਜੀ ਵਾਸਤੇ ਆਸਣ ਵਿਛਿਆ ਹੋਇਆ ਸੀ । ਆਸਣ ਦੇ ਸਾਮ੍ਹਣੇ ਕੁਝ ਜਗ੍ਹਾ ਛਡ ਕੇ ਰਾਗੀ ਸਿੰਘ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ, ਸ਼ਬਦਾਂ ਛਕਿਆਂ ਸਹਿਤ ਕਰ ਰਹੇ ਸਨ । ਸਤਿਗੁਰੂ ਜੀ ਦੇ ਆਸਣ ਅਤੇ ਕੀਰਤਨ ਵਾਲੀ ਜਗਾਹ ਵਿਚਕਾਰ ਵੇਦੀ ਗੱਡੀ ਹੋਈ ਸੀ ਅਤੇ ਵੇਦੀ ਦੇ ਵਿਚਕਾਰ ਹਵਨ ਕੁੰਡ ਬਣਿਆ ਹੋਇਆ ਸੀ ਅਤੇ ਹਵਨ ਕੁੰਡ ਦੇ ਕੋਲ ਸੱਤ ਸੋਧੀ ਸਿੱਖ ਬੈਠੇ ਹਵਨ ਕਰ ਰਹੇ ਸਨ । ਇੰਨੇ ਚਿਰ ਨੂੰ ਸ੍ਰੀ ਸਤਿਗੁਰੂ ਜੀ ਵੀ ਦੀਵਾਨ ਸਥਾਨ ਤੇ ਪਹੁੰਚ ਗਏ । ਸੰਗਤ ਨੇ ਉੱਠ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਸੁਆਗਤ ਕੀਤਾ । ਸਤਿਗੁਰੂ ਜੀ ਸ਼ਬਦ ਕੀਰਤਨ ਨੂੰ ਮਥਾ ਟੇਕਕੇ ਅਪਣੇ ਆਸਣ ਤੇ ਸੁਭਾਏਮਾਨ ਹੋ ਗਏ । ਸਾਰੀ ਸੰਗਤ ਮਾਈ ਭਾਈ ਸ੍ਰੀ ਸਤਿਗੁਰੂ ਜੀ ਨੂੰ ਯਥਾ ਸ਼ਕਤ ਭੇਟਾ ਰਖਕੇ ਵਾਰੀ ਵਾਰੀ ਨਮਸਕਾਰ ਕਰਕੇ ਅਪਣੀ ਅਪਣੀ ਥਾਂ ਤੇ ਬਹਿ ਕੇ ਰਸਨਾ ਨਾਲ ਭਜਨ ਕਰਦੀ ਹੋਈ ਕੀਰਤਨ ਦਾ ਰਸ ਮਾਨਣ ਲਗ ਪਈ।

ਸੂਰਜ ਚੜ੍ਹਨ ਦੇ ਨਾਲ ਹੀ ਸ੍ਰੀ ਆਸਾ ਜੀ ਦੀ ਵਾਰ ਦੀ ਸੰਮਾਪਤੀ ਹੋ ਗਈ। ਹਵਨ ਕਰਨ ਵਾਲੇ ਸਿੰਘਾਂ ਨੇ ਵੀ ਹਵਨ ਦੀ ਸਮਾਪਤੀ ਦੀ ਅਰਦਾਸ ਕਰ ਦਿੱਤੀ। ਹੁਣ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਸਤਿਕਾਰ ਸਹਿਤ ਲਿਆਂਦੀ ਗਈ ਅਤੇ ਨਿਸਚਿਤ ਜਗਾਹ ਤੇ ਚੰਦੋਏ ਥਲੇ ਮੰਜੇ ਸਾਹਿਬ ਉੱਤੇ ਰਖ ਦਿੱਤੀ ਗਈ।

ਇਸੇ ਵਕਤ ਵੇਦੀ ਥਲੇ ਇਕ ਪਾਸੇ ਸਫੈਦ ਬਸਤ੍ਰ ਵਿਛੇ ਉਤੇ ਅਨੰਦ ਕਾਰਜ ਕਰਵਾਉਣ ਵਾਲੇ ਬਚਿਆਂ ਦੇ ਛੇ ਜੋੜੇ ਆ ਬੈਠੇ। ਸਭ ਨੇ ਸਫੈਦ ਬਸਤ੍ਰ ਪਹਿਨੇ ਹੋਏ ਸਨ। ਕਿਸੇ ਬੀਬੀ ਨੇ ਕੁੰਡ ਨਹੀਂ ਸੀ ਕਢਿਆ ਹੋਇਆ। ਇਨ੍ਹਾਂ ਛੀਆਂ ਜੋੜਿਆਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਭਜਨ ਦਿੱਤਾ ਗਿਆ ਅਤੇ ਫਿਰ ਜੋੜਿਆਂ ਦੇ ਗੰਢ ਚਤਰਾਵੇ ਕੀਤੇ ਗਏ।

ਹਲੀ ਆਨੰਦ ਕਾਰਜਾਂ ਦੀ ਤਿਆਰੀ ਹੋ ਰਹੀ ਸੀ ਕਿ ਕੁਝ ਬ੍ਰਾਹਮਣ ਰੌਲਾ ਪਾਉਂਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਆਸਣ ਸਾਮਣੇ ਆਣ ਖਲੋਤੇ ਅਤੇ ਉੱਚੀ ਉੱਚੀ ਬੋਲ ਕੇ ਕਹਿਣ ਲਗੇ ਕਿ ਤੁਸੀਂ ਆਪ ਵਿਆਹ ਨਹੀਂ ਕਰਾ ਸਕਦੇ। ਧਰਮ ਸ਼ਾਸਤ੍ਰ ਅਨੁਸਾਰ ਵਿਆਹ ਸਿਰਫ ਬ੍ਰਾਹਮਣ ਹੀ ਕਰਾ ਸਕਦੇ ਹਨ, ਜੇ ਤੁਸੀਂ ਆਪ ਹੀ ਵਿਆਹ ਕਰਾ ਦਿੱਤੇ ਤਾਂ ਇਹ ਗੈਰ ਕਾਨੂੰਨੀ ਹੋਣਗੇ ਅਤੇ ਸਰਕਾਰ ਵੀ ਪਰਵਾਨ ਨਹੀਂ ਕਰੇਗੀ। ਸਤਿਗੁਰੂ ਜੀ ਨੇ ਬ੍ਰਾਹਮਣਾਂ ਨੂੰ ਸਮਝਾਇਆ ਕਿ ਤੁਸੀਂ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੇ ਕਿ ਵਿਆਹ ਤੁਹਾਡੇ ਕੋਲੋਂ ਹੀ ਕਰਾਵੇ, ਇਹ ਤਾਂ ਆਪਣੀ ਆਪਣੀ ਸ਼ਰਧਾ ਹੈ, ਨਾਲੇ ਤੁਸੀਂ ਤਾਂ ਸਿਰਫ ਨਾਮ ਮਾਤ੍ਰ ਹੀ ਬ੍ਰਾਹਮਣ ਹੋ ਅਥਵਾ ਤੁਹਾਡੇ ਬ੍ਰਾਹਮਣਾਂ ਦੇ ਘਰ ਜਨਮ ਹੋਣ ਕਰਕੇ ਹੀ ਤੁਸੀਂ ਬ੍ਰਾਹਮਣ ਹੋ ਪਰ ਤੁਹਾਡੇ ਕਰਮ ਬ੍ਰਾਹਮਣਾਂ ਵਾਲੇ ਨਹੀਂ ਹਨ। ਜਰਾ ਧਿਆਨ ਦਿਉ ਬ੍ਰਾਹਮਣਾਂ ਦੇ ਕਰਮਾਂ ਵਲ

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**

**ਸੀਲ ਸੰਤੋਖ ਕਾ ਰਖੈ ਧਰਮੁ**

ਭਾਈ ਜਿਹੜਾ ਇਹ ਕਰਮ ਕਰਦਾ ਹੈ ਓਹੀ ਅਸਲੀ ਬ੍ਰਾਹਮਣ ਹੈ

ਉਹ

**ਬੰਧਨ ਤੋੜੈ ਹੋਵੈ ਮੁਕਤੁ**

ਅਤੇ

**ਸੋਈ ਬ੍ਰਹਮਣੁ ਪੂਜਣ ਜੁਗਤੁ**

ਭਾਵ ਜਿਹੜਾ ਬ੍ਰਾਹਮਣ ਉਪਰ ਲਿਖੇ ਹੋਏ ਕਰਮ ਕਰਦਾ ਹੈ

ਉਹ ਆਦਰ ਜੋਗ ਹੈ ਅਤੇ ਪੂਜਣ ਜੋਗ ਹੈ

ਭਾਈ, ਤੁਸੀਂ ਅਪਣੇ ਧਰਮ ਕਰਮ ਛੱਡ ਬੈਠੇ ਹੋ ।
ਤੁਸੀਂ ਹੁੱਕੇ ਪੀਂਦੇ ਹੋ, ਮਾਸ ਸ਼ਰਾਬ ਵੀ ਖਾਣ ਪੀਣ ਲਗ ਪਏ ਹੋ ।
ਜਪੁ, ਤਪੁ, ਸੰਜਮ ਸੀਲ ਅਤੇ ਸੰਤੋਖ ਤਾਂ ਹੈਨ ਨਹੀਂ ਪਰ ਬ੍ਰਾਹਮਣਾਂ ਦੇ ਘਰਾਂ ਵਿਚ ਜਨਮ ਦੇ ਅਹੰਕਾਰ ਵਿਚ ਮਤੇ ਫਿਰਦੇ ਹੋ। ਇਸੇ ਅਹੰਕਾਰ ਵਿਚ ਧਰਮ ਦੇ ਠੇਕੇਦਾਰ ਬਣ ਕੇ ਅਪਣੇ ਲਾਲਚ ਵਾਸਤੇ ਫਜ਼ੂਲ ਰਸਮਾਂ ਦਾ ਪਰਚਾਰ ਕਰਦੇ ਫਿਰਦੇ ਹੋ । ਯਾਦ ਰਖੋ

## ਜਾਤਿ ਕਾ ਗਰਬੁ ਨ ਕਰੀਅਹੁ ਕੋਈ

ਸਾਡੇ ਵਾਸਤੇ ਤਾਂ

## ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ

ਅਸੀਂ ਦੂਜਿਆਂ ਨੂੰ ਮਜਬੂਰ ਨਹੀਂ ਕਰਦੇ ਕਿ ਸਾਡੇ ਵਾਂਗੂ ਵਿਆਹ ਕਰੋ ਅਸੀਂ ਤਾਂ ਸਿਖਾਂ ਦੇ ਭਲੇ ਵਾਸਤੇ ਇਹ ਨਵੀਂ ਰਸਮ ਸ਼ੁਰੂ ਕਰਨ ਲਗੇ ਹਾਂ ਇਹ ਰਸਮ ਬਿਲਕੁਲ ਸਾਦਾ ਹੋਵੇਗੀ। ਇਸ ਵਿਚ ਖਰਚਾ ਵੀ ਮਾਮੂਲੀ ਹੋਣਾ ਹੈ ਅਤੇ ਵਕਤ ਵੀ ਜ਼ਾਇਆ ਨਹੀਂ ਹੋਣਾ। ਨ ਮਹੂਰਤ ਕਢਣ ਦੀ ਲੋੜ ਹੈ ਅਤੇ ਸ਼ਗਨ ਵਿਚਾਰਨ ਦੀ।

ਬਾਕੀ ਰਹੀ ਗਲ ਸਰਕਾਰ ਦੀ। ਅਸੀਂ ਕਿਸੇ ਧਰਮ ਦਾ ਖੰਡਨ ਨਹੀਂ ਕਰਦੇ ਅਸੀਂ ਤਾਂ ਗੁਰਮਤ ਦਾ ਪਰਚਾਰ ਕਰਦੇ ਹਾਂ ਅਤੇ ਗੁਰਮਤ ਅਨੁਸਾਰ ਹੀ ਇਹ ਆਨੰਦ ਮਰਿਆਦਾ ਚਲਾਉਣ ਲਗੇ ਹਾਂ। ਜਿਹੜੀ ਰਸਮ ਸਾਡੀ ਬਰਾਦਰੀ ਅਥਵਾ ਸਾਧ ਸੰਗਤ ਵਿਚ ਪਰਵਾਨ ਹੋ ਜਾਏ ਉਸ ਉੱਤੇ ਸਰਕਾਰ ਨੂੰ ਇਤਰਾਜ਼ ਕਰਨ ਦੀ ਕੋਈ ਗੁੰਜਾਇਸ਼ ਨਹੀਂ ਤੁਸਾਂ ਸੁਣਿਆ ਹੀ ਹੋਵੇਗਾ ਕਿ ਜਦ ਮੀਆਂ ਬੀਵੀ ਰਾਜ਼ੀ ਤਾਂ ਕਿਆ ਕਰੇਗਾ ਕਾਜ਼ੀ।

ਜਦੋਂ ਬ੍ਰਾਹਮਣਾਂ ਨੇ ਵੇਖਿਆ ਕਿ ਸਤਿਗੁਰੂ ਜੀ ਨਾ ਤਾਂ ਬ੍ਰਾਹਮਣਾਂ ਤੋਂ ਡਰਦੇ ਹਨ ਅਤੇ ਨਾ ਹੀ ਸਰਕਾਰ ਦੀ ਪਰਵਾਹ ਕਰਦੇ ਹਨ ਤਾਂ ਉਨ੍ਹਾਂ ਨੇ ਝਗੜੇ ਦਾ ਰੁਖ ਬਦਲ ਕੇ ਕਿਹਾ ਕਿ ਕੀ ਤੁਸੀਂ ਸਾਡਾ ਕੰਮ ਖੋਹ ਕੇ ਸਾਨੂੰ ਭੁਖਿਆਂ ਮਾਰਨਾ ਚਾਹੁੰਦੇ ਹੋ ?

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਪੂਜਾ ਪ੍ਰਤਿਸ਼ਟਾ ਸ਼ੁਭ ਕੰਮ ਕਰਨ ਕੇ ਹੁੰਦੀ ਹੈ, ਜੇ ਤੁਸੀਂ ਭਜਨ ਬਾਣੀ ਕਰੋ ਅਤੇ ਸ਼ੁਭ ਅਮਲ ਕਰੋ ਤਾਂ ਇਥੇ ਵੀ ਸੁਖੀ ਰਹੋਗੇ ਅਤੇ ਅੱਗਾ ਵੀ ਸਉਰ ਜਾਏਗਾ ਪਰ ਜੇ ਤੁਸੀਂ ਸਿਰਫ ਜਾਤੀ ਅਭਿਮਾਨ ਕਰਕੇ ਭਜਨ ਬਾਣੀ ਕਰਨਾ ਛੱਡ ਦੇਵੋ ਅਤੇ ਸ਼ੁਭ ਕਰਮ, ਜਪੁ ਤਪੁ ਆਦਿ ਤਿਆਗ ਦੇਵੋ ਤਾਂ ਫਿਰ

**ਸ਼ੁਭ ਅਮਲਾਂ ਬਾਝੋਂ ਦੋਵੇ ਰੋਈ** ਵਾਲੀ ਹੀ ਗਲ ਹੋਵੇਗੀ

Sri Satguru Jagjit Singh Ji Elibrary NamdhariElibrary@gmail.com

ਭਾਵੇਂ ਇਹ ਆਨੰਦ ਮਰਿਆਦਾ ਸਿਰਫ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਵਿਚ ਹੀ ਪ੍ਰਚਲਤ ਹੋਣ ਲਗੀ ਸੀ ਪਰ ਬ੍ਰਾਹਮਣਾਂ ਨੂੰ ਇਹ ਡਰ ਸੀ ਕਿ ਸਾਦਾ ਅਤੇ ਅਡੰਬਰ ਰਹਿਤ ਹੋਣ ਕਰਕੇ ਇਹ ਆਨੰਦ ਮਰਿਆਦਾ ਕਿਤੇ ਸਾਰੇ ਪੰਜਾਬ ਵਿਚ ਨ ਪ੍ਰਚਲਤ ਹੋ ਜਾਏ । ਉਨ੍ਹਾਂ ਨੂੰ ਅਪਣੀ ਰੋਟੀ ਦਾ ਫਿਕਰ ਪੈ ਗਿਆ ਸੀ । ਉਹ ਸੋਚਦੇ ਸਨ ਕਿ ਜੇ ਸਾਰੇ ਪੰਜਾਬੀ ਇਸ ਨਵੀਂ ਰਸਮ ਅਨੁਸਾਰ ਵਿਆਹ ਕਰਨ ਲਗ ਪਏ ਤਾਂ ਫਿਰ ਬ੍ਰਾਹਣਾਂ ਨੂੰ ਕਿਸੇ ਪੁਛਣਾ ਹੀ ਨਹੀਂ । ਇਸੇ ਲਈ ਉਹ ਆਪਣਾ ਸਾਰਾ ਜੋਰ ਲਾ ਰਹੇ ਸਨ ਕਿ ਇਸ ਨਵੀਂ ਰਸਮ ਦਾ ਮੁਢ ਹੀ ਨ ਬੱਝਣ ਦਿੱਤਾ ਜਾਏ । ਉਨ੍ਹਾਂ ਪਹਿਲਾਂ ਸਰਕਾਰ ਦਾ ਡਰਾਵਾ ਪਾਇਆ ਅਤੇ ਹੁਣ ਇਹ ਧਮਕੀ ਦਿੱਤੀ ਕਿ ਅਸੀਂ ਤੁਹਾਡੇ ਸਾਮ੍ਹਣੇ ਅੱਗ ਵਿਚ ਸੜ ਮਰਦੇ ਹਾਂ, ਇਸ ਬ੍ਰਹਮ ਹਤਿਆ ਦਾ ਪਾਪ ਤੁਹਾਨੂੰ ਲਗੇ ਗਾ । ਬ੍ਰਾਹਮਣ ਤਾਂ ਅਪਣੇ ਵਲੋਂ ਗੁਰੂ ਜੀ ਨਾਲ ਛਲ ਖੇਡਣ ਲਗੇ ਸਨ ਪਰ ਉਹਨੂੰ ਕਉਣ ਛਲ ਸਕਦਾ ਹੈ

**ਸਭਹਿਨ ਛਲਤ ਨ ਆਪ ਛਲਾਇਆ,**

**ਤਾਂ ਤੇ ਛਲੀਆ ਨਾਮ ਕਹਾਇਆ ।**

ਸਤਿਗੁਰੂ ਜੀ ਨੇ ਵਿਚਾਰਿਆ ਕਿ ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ । ਉਨ੍ਹਾਂ ਬਿਨਾਂ ਝਿਜਕ ਗੁਸੇ ਵਿਚ ਆਖਿਆ, ਅੱਛਾ ਜੇ ਇਹ ਗਲ ਹੈ ਤਾਂ ਜਿਹੜਾ ਆਤਮਘਾਤ ਕਰਨਾ ਚਾਹੁੰਦਾ ਹੈ ਉਹ ਅਗੇ ਆਵੇ ਅਸੀਂ ਹੁਣ ਹੀ ਹੋ ਰਹੇ ਹਵਨ ਦੀ ਅੱਗ ਵਿਚ ਹੋਮ ਦਿੰਦੇ ਹਾਂ, ਇਸ ਦਾ ਪਾਪ ਬੇਸ਼ਕ ਮੇਰੇ ਸਿਰ ਲਗਣ ਦਿਉ । ਇਹ ਸੁਣਦਿਆਂ ਸਾਰ ਬ੍ਰਾਹਮਣ ਡਰ ਗਏ ਅਤੇ ਨਿਰਉੱਤਰ ਹੋ ਗਏ । ਸ਼ਰਮਸਾਰ ਹੋ ਕੇ ਬੁੜ ਬੁੜ ਕਰਦੇ ਹੋਏ ਦੀਵਾਨ ਵਿਚੋਂ ਬਾਹਰ ਨਿਕਲ ਗਏ । ਬ੍ਰਾਹਮਣਾਂ ਦੇ ਚਲੇ ਜਾਣ ਪਿਛੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਨੰਦ ਕਾਰਜਾਂ ਦੀ ਤਿਆਰੀ ਹੋਣ ਲਗੀ ।

ਹੁਣ ਆਨੰਦ ਕਾਰਜਾਂ ਵਾਲੇ ਛੀਏ ਜੋੜੇ ਅਪਣੇ ਅਪਣੇ ਸਾਥ ਨਾਲ ਖਲੋ ਗਏ । ਪਾਠੀਸਿੰਘਾਂ ਨੇ ਸ੍ਰੀ ਗ੍ਰੰਥ ਸਾਹਿਬ ਜੀ ਤੋਂ ਲਾਵਾਂ ਦਾ ਪਾਠ ਉੱਚੀ ਸੁਰ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ, ਇਸ ਦੇ ਨਾਲ ਹੀ ਛੀਏ ਜੋੜੇ ਅਪਣੇ ਅਪਣੇ ਸਾਥ ਨਾਲ ਲੜਕਾ ਅਗੇ ਲੜਕੀ ਪਿਛੇ ਹੋ ਕੇ ਵੇਦੀ ਥਲੇ ਹਵਨ ਕੁੰਡ ਨੂੰ ਖੱਬੇ ਰਖ ਕੇ ਹਵਨ ਕੁੰਡ ਦੀਆਂ ਪਰਕਰਮਾਂ ਕਰਨ ਲਗੇ । ਹਰ ਲਾਂਵ ਦੇ ਪਾਠ ਦੇ ਨਾਲ ਇਕ ਪਰਕਰਮਾ ਕੀਤੀ, ਚਾਰ ਲਾਵਾਂ ਦੇ ਪਾਠ ਨਾਲ ਚਾਰ ਪਰਕਰਮਾਂ ਕੀਤੀਆਂ ਗਈਆਂ । ਉਪਰੰਤ ਛੀਏ ਜੋੜੇ ਵੇਦੀ ਥਲੇ ਬਹਿ ਗਏ ।

ਫਿਰ ਰਾਗੀਸਿੰਘਾਂ ਨੇ ਵਿਆਹਾਂ ਦੀ ਖੁਸ਼ੀ ਵਿਚ ਇਕ ਸ਼ਬਦ ਪੜ੍ਹਿਆ । ਸ਼ਬਦ ਦੇ ਪਿਛੋਂ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਇਕ ਆਖਰੀ

Sri Satguru Jagjit Singh Ji Elibrary NamdhariElibrary@gmail.com

ਪਉੜੀ ਪੜ੍ਹ ਕੇ ਕੀਰਤਨ ਦੀ ਸਮਾਪਤੀ ਕੀਤੀ ਗਈ।
ਫਿਰ ਅਰਦਾਸ ਕੀਤੀ ਗਈ ਅਤੇ ਕੜਾਹ ਪਰਸ਼ਾਦ ਵਰਤਾਇਆ ਗਿਆ
ਇਸੇ ਮੇਲੇ ਵਿਚ ਹੀ ਸਤਿਗੁਰੂ ਜੀ ਨੇ ਐਲਾਨ ਕੀਤਾ ਕਿ ਇਹ ਅਨੰਦ ਕਾਰਜ ਗੁਰ ਮਰਿਆਦਾ ਅਨੁਸਾਰ ਹੋਏ ਹਨ, ਅਗੇ ਤੋਂ ਸਾਰੀ ਸੰਗਤ ਇਸੇ ਮਰਿਆਦਾ ਅਨੁਸਾਰ ਅਨੰਦ ਕਾਰਜ ਕੀਤਾ ਕਰੇ।

ਜਦੋਂ ਬ੍ਰਾਹਮਣ ਸ਼ਰਮਸਾਰ ਹੋ ਕੇ ਦੀਵਾਨ ਵਿਚੋਂ ਬਾਹਰ ਨਿਕਲ ਗਏ ਸਨ ਤਾਂ ਉਹ ਥਾਨੇ ਚਲੇ ਗਏ ਸਨ। ਉਥੇ ਜਾ ਕੇ ਰਿਪੋਰਟ ਕੀਤੀ ਕਿ ਨਾਮਧਾਰੀਆਂ ਦੇ ਗੁਰੂ ਨੇ ਜੁਗਾਂ ਤੋਂ ਚਲੀ ਆ ਰਹੀ ਵਿਆਹ ਦੀ ਸ਼ਾਸਤਰੀ ਰੀਤ ਨੂੰ ਛੱਡ ਕੇ ਛੇ ਜੋੜਿਆਂ ਦੇ ਵਿਆਹ ਅਪਣੀ ਮਰਜ਼ੀ ਨਾਲ ਇਕ ਨਵੀਂ ਰੀਤ ਨਾਲ ਕੀਤੇ ਹਨ ਜੋ ਗੈਰ ਕਾਨੂੰਨੀ ਹਨ। ਉਨ੍ਹਾਂ ਬ੍ਰਾਹਮਣਾਂ ਨੇ ਇਹ ਵੀ ਚੁਗਲੀ ਕੀਤੀ ਕਿ ਇਹ ਗੁਰੂ ਅਪਣੇ ਸਿਖਾਂ ਨੂੰ ਅੰਗ੍ਰੇਜ਼ੀ ਸਰਕਾਰ ਦੇ ਬਰਖਿਲਾਫ ਭੜਕਾਉਂਦਾ ਹੈ ਅਤੇ ਚਾਹੁੰਦਾ ਹੈ ਕਿ ਅੰਗ੍ਰੇਜ਼ੀ ਰਾਜ ਦਾ ਖਾਤਮਾ ਕਰਕੇ ਅਪਣਾ ਰਾਜ ਕਾਇਮ ਕਰੇ।

ਥਾਨੇਦਾਰ ਨੇ ਰਿਪੋਰਟ ਤਿਆਰ ਕਰਕੇ ਡੀ ਸੀ ਫੀਰੋਜ਼ਪੁਰ ਨੂੰ ਭੇਜ ਦਿੱਤੀ। ਡੀ ਸੀ (Deputy Commissioner) ਨੇ ਰਿਪੋਰਟ ਪੰਜਾਬ ਦੇ ਲਾਟ ਨੂੰ ਭੇਜ ਦਿੱਤੀ। ਲਾਟ ਦੇ ਹੁਕਮ ਨਾਲ ਡੀ ਸੀ ਫੀਰੋਜ਼ਪੁਰ, ਆਪ ਪਿੰਡ ਖੋਟਿਆਂ ਪਹੁੰਚਿਆ ਅਤੇ ਪੰਜਾਬ ਸਰਕਾਰ ਦਾ ਹੁਕਮ ਸੁਣਾਦਿਆਂ ਸਤਿਗੁਰੂ ਜੀ ਨੂੰ ਆਖਿਆ ਕਿ ਅਗੇ ਤੋਂ ਤੁਸੀਂ ਕੋਈ ਦੀਵਾਨ ਜਾਂ ਕੋਈ ਮੇਲਾ ਸਾਰੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਕਿਤੇ ਵੀ ਨਹੀਂ ਕਰ ਸਕਦੇ। ਫਿਰ ਸਤਿਗੁਰੂ ਜੀ ਨੂੰ ਸੇਵਕਾਂ ਸਮੇਤ ਪੋਲੀਸ ਦੀ ਨਿਗਰਾਨੀ ਹੇਠ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ ਅਤੇ ਨਾਲ ਹੀ ਲੁਧਿਆਣੇ ਮੁਕੱਦਮਾ ਚਲਾਇਆ ਗਿਆ ਸਤਿਗੁਰੂ ਜੀ ਨੂੰ ੨੮ ਦਿਨ ਰੋਜ਼ ਲੁਧਿਆਣੇ ਕਚਹਿਰੀ ਵਿਚ ਹਾਜ਼ਰ ਹੋਣਾ ਪਿਆ। ਮੁਕੱਦਮੇ ਦਾ ਫੈਸਲਾ ਭਾਵੇਂ ਸਤਿਗੁਰੂ ਜੀ ਦੇ ਹੱਕ ਵਿਚ ਹੀ ਹੋਇਆ ਸੀ ਪਰ ਨਾਲ ਇਹ ਹੁਕਮ ਵੀ ਸੁਣਾਇਆ ਗਿਆ ਸੀ ਕਿ ਆਪ ਸਰਕਾਰੀ ਆਗਿਆ ਲੈਣ ਤੋਂ ਬਿਨਾਂ ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਨਹੀਂ ਜਾ ਸਕਦੇ।

ਸ੍ਰੀ ਸਤਿਗੁਰੂ ਜੀ ਨੂੰ ਇਸ ਅਨੰਦ ਕਾਰਜ ਦੀ ਮਰਿਆਦਾ ਸ਼ੁਰੂ ਕਰਨ ਵਾਸਤੇ ਭਾਵੇਂ ਕਈ ਤਕਲੀਫ਼ਾਂ ਦਾ ਸਾਮਣਾ ਕਰਨਾ ਪਿਆ ਪਰ ਉਹ ਆਪਣੇ ਇਰਾਦੇ ਤੇ ਡਟੇ ਰਹੇ। ਉਨ੍ਹਾਂ ਸੱਚ ਨੂੰ ਅਗੇ ਲਿਆਉਣ ਵਾਸਤੇ ਅਤੇ ਪਾਖੰਡ ਨੂੰ ਰੋਕਣ ਵਾਸਤੇ ਨ ਸਰਕਾਰ ਦੀ ਪਰਵਾਹ ਕੀਤੀ ਅਤੇ ਨਾ ਹੀ ਬ੍ਰਾਹਮਣਾਂ ਦੀ। ਉਹ ਜਾਣਦੇ ਸਨ ਕਿ ਇਹ ਜਾਤ ਅਭਿਮਾਨੀ ਬ੍ਰਾਹਮਣ ਅਪਣੇ ਲਾਲਚ ਵਾਸਤੇ ਹੀ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਪਾਖੰਡ ਕਰਦੇ ਫਿਰਦੇ ਹਨ। ਹੁਣ ਜਦੋਂ ਇਨ੍ਹਾਂ ਦੇ ਪਾਖੰਡ ਦਾ ਪਾਜ ਖੁਲ੍ਹਦਾ ਹੈ ਤਾਂ ਇਨ੍ਹਾਂ ਨੂੰ ਚੁਭਦਾ ਹੈ।
ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਮਰਣੇ ਔ ਪਰਣੇ ਮੈਂ, ਬਿੱਪਰੈਂ ਬੁਲਾਵੈਂ ਨਾਂਹਿ,
ਆਨੰਦ ਪੜ੍ਹਾਵੈਂ, ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ, ਅਵਤਾਰ, ਪੀਰ, ਜਾਨੈ,
ਜੋ ਬਖਾਨੈਂ ਵਹਿ, ਸੋਊ ਮਾਨ ਹੈਂ ਸਭੀ।

ਸਿੱਖ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਕਾਲ ਪੁਰਖ ਕਰਕੇ ਮੰਨਦੇ ਸਨ (ਹਨ) ਅਤੇ ਉਨ੍ਹਾਂ ਦੇ ਹਰ ਹੁਕਮ ਨੂੰ ਦਰਗਾਹੀ ਹੁਕਮ ਸਮਝ ਕੇ ਮੰਨਣਾ ਆਪਣੇ ਵਡੇ ਭਾਗ ਸਮਝਦੇ ਸਨ (ਹਨ)। ਜਦ ਸਿੱਖਾਂ ਨੇ ਬ੍ਰਾਹਮਣਾਂ ਦੀ ਕੁਟਲ ਨੀਤੀ ਵੇਖੀ ਤਾਂ ਉਨ੍ਹਾਂ ਨੇ ਬ੍ਰਾਹਮਣਾਂ ਦਾ ਖਹਿੜਾ ਹੀ ਛੱਡ ਦਿੱਤਾ। ਮਰਣੇ ਪਰਣੇ ਵਿਆਹ ਸ਼ਾਦੀਆਂ ਦੇ ਸਾਰੇ ਕੰਮ ਸਿੱਖ ਆਪ ਹੀ ਗੁਰਮਤ ਅਨੁਸਾਰ ਕਰਨ ਲਗ ਪਏ. ਹਵਨ ਵੀ ਆਪ ਹੀ ਕਰਨ ਲਗ ਪਏ। ਦਾਨ ਪੁੰਨ ਕਰਨ ਸਮੇਂ ਵੀ ਬ੍ਰਾਹਮਣਾਂ ਨੂੰ ਨ ਸੱਦਿਆ ਜਾਂਦਾ।

ਦੇਵ-ਥਾਨ ਤੀਰਥ ਪੁਰਾਨ ਸਾਧ ਬਿੱਪਰੋਂ ਕੋ,
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ।

ਮਾਈਆਂ ਨੂੰ ਅੰਮ੍ਰਿਤ ਛਕਾਉਣਾ ਅਤੇ ਆਨੰਦ ਮਰਿਆਦਾ ਦੀ ਰਸਮ ਚਾਲੂ ਕਰਨੀ ਇਹ ਸਮਾਜ ਵਿਚ ਇਕ ਬਹੁਤ ਵਡਾ ਪਰਿਵਰਤਨ ਸੀ। ਹੁਣ ਮਾਈਆਂ ਵੀ ਭਾਈਆਂ ਸਮਾਨ ਭਜਨ ਬਾਣੀ ਕਰਨ ਲਗ ਪਈਆਂ ਅਤੇ ਸਮਾਜ ਸੁਧਾਰ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਲਗ ਪਈਆਂ ਸਨ

ਹੁਣ ਸਤਿਗੁਰੂ ਜੀ ਦਾ ਤੇਜ ਪ੍ਰਤਾਪ ਸਾਰੇ ਦੇਸ਼ ਵਿਚ ਫੈਲਣ ਲਗਾ ਪਇਆ ਦੂਰੋਂ ਦੂਰੋਂ ਲੋਕ ਦਰਸ਼ਨ ਕਰਨੇ ਵਾਸਤੇ ਆਉਣ ਲਗ ਪਏ, ਜੋ ਜੋ ਵੀ

Sri Satguru Jagjit Singh Ji Elibrary NamdhariElibrary@gmail.com

ਕੋਈ ਇੱਛਾ ਧਾਰ ਕੇ ਆਉਂਦਾ ਉਸਦੀ ਪੂਰੀ ਹੋ ਜਾਂਦੀ ਅਤੇ
ਫਿਰ ਉਹ ਸਿੱਖ ਸੱਜ ਜਾਂਦਾ

ਦੇਸਨ ਮੈਂ ਧੂੰਮ ਮਾਰੀ ਸਾਰੀ ਇਮ ਤਾਂਹਿ ਤਬਿ
ਆਵੈਂ ਲੋਗ ਸਿਖ ਥਾਵੈਂ ਅਜਮਾਵੈਂ ਤੈਸ ਜੀ { ਗਿਆਨੀ ਗਿਆਨ ਸਿੰਘ ਜੀ

Dr. Harbhajan Singh writes :- The holy fame (of Sri Satguru ji) spread far and wide; Those who came to weigh, found him full and became his disciples.

ਸ੍ਰੀ ਸਤਿਗੁਰੂ ਜੀ ਦਾ ਜਸ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ ॥
(ਵਾਧਾ ਹੋਇਆ)

ਜਿਉਂ ਜਿਉਂ ਸਤਿਗੁਰੂ ਜੀ ਦਾ ਜਸ ਫੈਲਣ ਲਗਾ, ਅੰਗ੍ਰੇਜ਼ਾਂ ਦੇ ਦਿਲ ਧੜਕਣ ਲਗੇ ਸਰਕਾਰ ਇਹ ਬਰਦਾਸ਼ਤ ਨਹੀ ਸੀ ਕਰ ਸਕਦੀ ਕਿ ਉਸ ਦੇ ਰਾਜ ਵਿਚ ਇਕ ਆਦਮੀ ਦੀ ਇੰਨੀ ਮਾਨਤਾ ਹੋਵੇ ਕਿ ਲੱਖਾਂ ਆਦਮੀ ਉਸਦੇ ਇਸ਼ਾਰੇ ਤੇ ਚਲਦੇ ਹੋਣ ਅਤੇ ਅਪਣੀਆਂ ਜਾਨਾਂ ਵੀ ਕੁਰਬਾਨ ਕਰਨ ਤਕ ਤਿਆਰ ਹੋਣ। ਇਸੇ ਲਈ ਸਰਕਾਰ ਨੇ ਸਤਿਗੁਰੂ ਜੀ ਦਾ ਪਰਚਾਰ ਬੰਦ ਕਰਨ ਵਾਸਤੇ ਸਤਿਗੁਰੂ ਜੀ ਵਾਸਤੇ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰ ਬੰਦੀ ਦਾ ਹੁਕਮ ਦਿੱਤਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਭਾਵੇਂ ਨਜ਼ਰਬੰਦ ਸਨ ਪਰ ਅਪਣੇ ਪ੍ਰੋਗ੍ਰਾਮ ਨੂੰ ਚਾਲੂ ਹੀ ਰਖਿਆ। ਸਤਿਗੁਰੂ ਜੀ ਨੇ ਪਰਚਾਰ ਜਾਰੀ ਰਖਣ ਵਾਸਤੇ ਪੰਜ ਸੂਬੇ ਨਿਯੁਕਤ ਕੀਤੇ ਜਿਹੜੇ ਦੂਰ ਦੂਰ ਤਕ ਗੁਰਮਤ ਦਾ ਪਰਚਾਰ ਕਰਦੇ ਸਨ। ਸਰਕਾਰ ਦੀ ਖੁਫ਼ੀਆ ਪੋਲੀਸ (C.I.D) ਵੀ ਹਰ ਵਕਤ ਚੌਕੰਨੀ ਰਹਿੰਦੀ ਸੀ। ਪੰਜਾਂ ਸੂਬਿਆਂ ਬਾਰੇ ਪਤਾ ਲਗਣ ਤੇ ਉਨ੍ਹਾਂ ਪੰਜਾਂ ਸੂਬਿਆਂ ਨੂੰ ਵੀ ਨਜ਼ਰ ਬੰਦ ਕੀਤਾ ਗਿਆ। ਸ੍ਰੀ ਸਤਿਗੁਰੂ ਨੇ ਸਤਾਰਾਂ (੧੭) ਸੂਬੇ ਹੋਰ ਥਾਪੇ, ਇਨ੍ਹਾਂ ਸਤਾਰਾਂ ਸੂਬਿਆਂ ਵਿਚ ਇਕ ਸੂਬਾ ਬੀਬੀ ਹੁਕਮ ਕੌਰ ਸੀ ਸਰਕਾਰ ਨੇ ਇਨ੍ਹਾਂ ਸਤਾਰਾਂ ਸੂਬਿਆਂ ਨੂੰ ਵੀ ਨਜ਼ਰ ਬੰਦ ਕਰ ਦਿੱਤਾ। ਪਾਬੰਦੀ ਦੇ ਹੁੰਦਿਆਂ ਵੀ ਸਾਰੇ ਸੂਬੇ ਪਰਚਾਰ ਦਾ ਕੰਮ ਕਰਦੇ ਰਹੇ

ਸੂਬੇ ਕੀਨ ਥਾਪੀ ਤਿਨ ਅਕਬਰ ਸ਼ਾਹਿ ਨਿਆਈਂ
ਉਨਕੀ ਜੁਬਾਨ ਮੈਂ ਤਸੀਰ ਬਾਣੀ ਵੈਸ ਹੀ।

ਭਾਵ ਇਹ ਹੈ ਕਿ ਸ੍ਰੀ ਸਤਿਗੁਰੂ ਜੀ ਨੇ ਭਾਰਤ ਦੇ ਇਕ ਪੁਰਾਣੇ ਬਾਦਸ਼ਾਹ ਅਕਬਰ ਵਾਂਗੂ ਸਾਰੇ ਭਾਰਤ ਵਾਸਤੇ ਬਾਈ ਗਵਰਨਰ (Governors) ਥਾਪੇ। ਇਨ੍ਹਾਂ ਨੂੰ ਸੂਬੇ ਕਹਿਆ ਜਾਂਦਾ ਹੈ। ਹਰ ਸੂਬਾ ਅਪਣੇ ਅਪਣੇ ਖੇਤਰ ਵਿਚ ਗੁਰਸਿਖੀ ਦਾ ਪਰਚਾਰ ਕਰਦਾ ਸੀ ਅਤੇ ਨਵੇਂ ਸਜੇ ਸਿੱਖਾਂ ਨੂੰ ਭਜਨ (ਗੁਰਮੰਤ੍ਰ) ਦਿੰਦਾ ਸੀ। ਸੂਬੇ ਦੇ ਭਜਨ ਦੇਣ ਦਾ ਅਸਰ ਭੀ ਉੱਨਾ ਹੀ ਹੁੰਦਾ ਸੀ ਜਿੰਨਾ ਕਿ ਸਤਿਗੁਰੂ ਜੀ ਦੇ ਆਪ ਭਜਨ ਦੇਣ ਦਾ, ਅਥਵਾ

**ਉਨਕੀ ਜਬਾਨ ਮੈਂ ਤਸੀਰ ਥਾਣੀ ਵੈਸੀ ਹੀ**

ਸੀ ਆਈ ਡੀ (CID) ਜਾਂ ਸਪਾਹੀ ਥਾਣੇਦਾਰ ਤਾਂ ਆਮ ਸ੍ਰੀ ਭੈਣੀ ਸਾਹਿਬ ਆਉਂਦੇ ਰਹਿੰਦੇ ਸਨ ਪਰ ਇਕ ਵਾਰ ਅੰਬਾਲੇ ਦਾ ਕਮਿਸ਼ਨਰ (Commissioner) ਆਪ ਸ੍ਰੀ ਭੈਣੀ ਸਾਹਿਬ ਆਇਆ। ਗਲਾਂ ਬਾਤਾਂ ਕਰਦਿਆਂ ਉਹਨੇ ਸਤਿਗੁਰੂ ਜੀ ਨੂੰ ਪੁਛਿਆ ਸੀ ਕਿ, "ਬਾਬਾ ਸਾਹਿਬ, ਅਬ ਤੋ ਆਪ ਕੀ ਤਹਿਰੀਕ ਮਹਿਦੂਦ ਹੋ ਗਈ ਹੋ ਗੀ ਅਬ ਆਪ ਕਿਆ ਕਰੇਂਗੇ"। ਸਤਿਗੁਰੂ ਨੇ ਨਿਰਭੈਤਾ ਨਾਲ ਉੱਤਰ ਦਿੱਤਾ,

**"ਜਾ ਉਇ ਬਿਨਿਆ, ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ, ਇੱਕ ਹਲਵਾਹ** (ਹਲਵਾਹਕ) **ਭੀ** (ਜੇਕਰ ਕਿਸੇ) **ਦੂਜੇ ਨੂੰ ਭਜਨ ਦੇਵੇਗਾ ਤਾਂ ਉਸ ਦਾ ਅਸਰ ਵੀ ਉੱਨਾ ਹੀ ਹੋਵੇਗਾ ਜਿੰਨਾ ਕਿ ਮੇਰਾ"**

ਸ੍ਰੀ ਸਤਿਗੁਰੂ ਜੀ ਦਾ ਅਸਲੀ ਨਿਸ਼ਾਨਾ ਸ਼ਖਸੀ ਚਰਿਤ੍ਰ ਸੁਧਾਰ ਅਤੇ ਸਮਾਜ ਸੁਧਾਰ ਦੇ ਨਾਲ ਅਪਣਾ ਖਾਲਸਾ ਰਾਜ ਕਾਇਮ ਕਰਨ ਦਾ ਸੀ। ਪਹਿਲਾਂ ਸ਼ਖਸੀ ਚਰਿਤ੍ਰ ਸੁਧਾਰ ਵਾਸਤੇ ਸਿੱਖਾਂ ਨੂੰ ਭਜਨ ਬਾਣੀ ਵਲ ਲਾਇਆ। ਮਾਸ, ਸ਼ਰਾਬ, ਚੋਰੀ ਯਾਰੀ ਆਦਿ ਬੁਰੇ ਕੰਮ ਛੁਡਾਏ। ਫਿਰ ਸਮਾਜ ਸੁਧਾਰ ਵਲ ਧਿਆਨ ਦਿੱਤਾ; ਕੁੜੀਆਂ ਮਾਰਨੀਆਂ, ਕੁੜੀਆਂ ਵੇਚਣੀਆਂ, ਬਾਲ ਵਿਵਾਹ ਅਤੇ ਵੱਟੇ ਦਾ ਵਿਵਾਹ ਬੰਦ ਕੀਤੇ ਵਿਧਵਾ ਵਿਆਹ ਦੀ ਖੁਲ ਦਿੱਤੀ, ਮਾਈਆਂ ਨੂੰ ਵੀ ਅੰਮ੍ਰਿਤ ਛਕਾ ਕੇ ਭਾਈਆਂ ਸਮਾਨ. ਭਜਨ ਬਾਣੀ ਕਰਨ ਵਲ ਲਾਇਆ। ਵਿਆਹ ਸਮੇਂ ਫਜ਼ੂਲ ਖਰਚਿਆਂ ਤੋਂ ਬਚਣ ਲਈ ਆਨੰਦ ਕਾਰਜ ਦੀ ਸਾਦਾ ਰਸਮ ਚਾਲੂ ਕੀਤੀ

ਹੁਣ ਸਣੋ ਬ੍ਰਾਹਮਣਾਂ ਪੁਜਾਰੀਆਂ, ਜ਼ੈਲਦਾਰਾਂ ਅਥਵਾ ਨੰਬਰਦਾਰਾਂ

ਦੀਆਂ ਝੂਠੀਆਂ ਰਿਪੋਰਟਾਂ (Reports) ਦੇ ਅਧਾਰ ਤੇ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਨਜ਼ਰ ਬੰਦ ਕੀਤਾ ਗਿਆ ਸੀ ਤਾਂ ਹੁਣ ਸਰਕਾਰ ਦੇ ਬਰਖਿਲਾਫ਼ ਵੀ ਪਰਚਾਰ ਸ਼ੁਰੂ ਹੋ ਗਿਆ ਸੀ।

ਸਭ ਤੋਂ ਪਹਿਲਾਂ ਅਪਣੀ ਡਾਕ ਦਾ ਪ੍ਰਬੰਦ ਕੀਤਾ ਗਿਆ। ਅਪਣੇ ਮਿੱਥੇ ਹੋਏ ਟੀਚਿਆਂ ਦੀ ਕਿਸੇ ਨੂੰ ਭਿਣਕ ਤਕ ਦੇਣ ਤੋਂ ਬਿਨਾ ਅਪਣੀ ਮਿੱਥੀ ਹੋਈ ਮੰਜ਼ਲ ਤੇ ਪਹੁੰਚਣ ਲਈ ਇਹ ਜ਼ਰੂਰੀ ਸੀ ਕਿ ਡਾਕ ਦਾ ਪ੍ਰਬੰਦ ਖੁਫੀਆ ਹੋਵੇ। ਸਤਿਗੁਰੂ ਜੀ ਦਾ ਅਪਣਾ ਚਲਾਇਆ ਹੋਇਆ ਡਾਕ ਪ੍ਰਬੰਧ ਇੰਨਾ ਤੇਜ ਅਤੇ ਇੰਨਾ ਖੁਫੀਆ ਸੀ ਕਿ ਸਰਕਾਰ ਦੀ ਸੀ ਆਈ ਡੀ (C I D) ਕੋਈ ਸੂਹ ਨ ਕਢ ਸਕੀ। ਨਾਮਧਾਰੀਆਂ ਦੇ ਡਾਕ ਪ੍ਰਬੰਧ ਬਾਰੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਨੇ ਲਿਖਿਆ ਸੀ ਕਿ

"ਕੂਕਿਆਂ ਜਾਂ ਸੰਤ ਖਾਲਸਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿੱਜੀ ਪ੍ਰਬੰਧ ਹੈ ਜੋ ਬਹੁਤ ਹੀ ਸ਼ਲਾਘਾ ਜੋਗ ਯੁਕਤੀ ਨਾਲ ਸੰਗਠਤ ਕੀਤਾ ਹੋਇਆ ਹੈ -- ਇਕ ਪਿੰਡ ਵਾਲਾ ਕੂਕਾ, ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿੱਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ ਇਕ ਦਮ ਸਾਰੇ ਕੰਮ ਵਿਚੇ ਛੱਡ ਕੇ ਦੂਸਰੇ ਨਿਯਤ ਹਕਾਰੇ ਵਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਜੇ ਰੋਟੀ ਖਾਂਦਾ ਹੋਵੇ ਤਦ ਦੂਜੀ ਗਰਾਹੀ ਨਹੀਂ ਪਾਉਂਦਾ ਅਤੇ ਨਾ ਹੀ ਪਹਿਲੇ ਹਕਾਰੇ ਕੋਲੋਂ ਕੋਈ ਸੁਆਲ ਹੀ ਪੁਛਦਾ ਹੈ। ਜਰੂਰੀ ਗਲਾਂ ਕਾਗਜ਼ ਤੇ ਲਿਖ ਕੇ ਚਿੱਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ ਰਾਹੀਂ ਜਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿੱਠੀਆਂ ਪੱਤਰਾਂ ਨੂੰ ਲਿਆਵਣ ਜਾਂ ਲੈ ਜਾਵਣ ਲਈ ਕੂਕੇ ਜਰਨੈਲੀ ਸੜਕ ਨਹੀਂ ਵਰਤਦੇ ਸਗੋਂ ਆਪਣੇ ਹੀ ਮਿੱਥੇ ਹੋਏ ਰਾਹੀਂ ਜਾਂਦੇ ਹਨ

## ਡਾਕ ਦਾ ਆਪਣਾ ਨਿੱਜੀ ਪ੍ਰਬੰਧ ਨਾਮਧਾਰੀਆਂ ਦਾ ਸਰਕਾਰ ਨਾਲ ਪਹਿਲਾ ਬਾਈਕਾਟ (Boycott) ਸੀ।

ਅੰਗਰੇਜ਼ ਭਾਰਤ ਵਿਚੋਂ ਕਪਾਹ (Cotton) ਸਸਤੀ ਖਰੀਦ ਕੇ ਇੰਗਲੈਂਡ ਲੈ ਜਾਂਦੇ ਸਨ, ਉਥੇ ਮਸ਼ੀਨਾਂ ਰਾਹੀ ਕਪੜਾ ਬਣਾ ਕੇ ਫਿਰ ਭਾਰਤ ਵਿਚ ਲਿਆ ਕੇ ਬਹੁਤ ਮਹਿੰਗਾ ਵੇਚਦੇ ਸਨ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਕਪੜੇ ਵਿਚੋਂ ਬਹੁਤ ਲਾਭ ਖਟਦੇ ਸਨ ਅਤੇ ਦੂਜਾ ਇੰਗਲੈਂਡ ਦੇ ਮਜ਼ਦੂਰਾਂ ਨੂੰ ਕੰਮ ਮਿਲ ਜਾਂਦਾ ਸੀ। ਦੂਜੇ ਪਾਸੇ ਭਾਰਤ ਵਿਚ ਜੁਲਾਹਿਆਂ ਦਾ ਕੰਮ ਬਹੁਤ ਘਟ ਗਿਆ ਸੀ। ਦੂਰ ਅੰਦੇਸ਼ੀ ਸ੍ਰੀ ਸਤਿਗੁਰੂ ਜੀ ਨੇ ਅੰਗਰੇਜ਼ਾਂ ਦੀ ਚਾਲਾਕੀ ਨੂੰ ਭਾਂਪ ਕੇ ਬਦੇਸ਼ੀ ਕਪੜੇ ਦਾ ਬਾਈਕਾਟ ਕਰਦਿਆਂ ਸਿੱਖਾਂ ਨੂੰ ਸੁਦੇਸ਼ੀ ਕਪੜੇ ਦੇ ਵਰਤਣ ਦਾ ਹੁਕਮ ਕੀਤਾ।

ਸਰਕਾਰੀ ਸਕੂਲਾਂ ਵਿਚ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਭਾਰਤੀ ਸਭਿਅਤਾ ਵਿਚ ਭਰਮ ਵਹਿਮ ਦੱਸਕੇ ਇਸਨੂੰ ਤਿਆਗਣ ਅਤੇ ਈਸਾਈ ਮਤ ਨੂੰ ਗ੍ਰਹਣ ਕਰਨ ਦਾ ਵੀ ਪਰਚਾਰ ਹੁੰਦਾ ਸੀ। ਇਸੇ ਪਰਚਾਰ ਕਰਕੇ ਕਈ ਭਾਰਤੀ ਈਸਾਈ ਹੁੰਦੇ ਜਾ ਰਹੇ ਸਨ। ਅਪਣੇ ਧਰਮ ਤੋਂ ਪਤਿਤ ਕਰਨ ਵਾਲੀ ਪੜ੍ਹਾਈ ਦਾ ਤਿਆਗ ਕਰਦਿਆਂ ਸਤਿਗੁਰੂ ਜੀ ਨੇ ਸਰਕਾਰੀ ਸਕੂਲਾਂ ਦਾ ਵੀ ਬਾਈਕਾਟ ਕਰ ਦਿੱਤਾ। ਬੱਚਿਆਂ ਅਤੇ ਬੱਚੀਆਂ ਦੀ ਪੜ੍ਹਾਈ ਦਾ ਇੰਤਜ਼ਾਮ ਧਰਮਸਾਲਾਵਾਂ ਵਿਚ ਕੀਤਾ।

ਕਚਹਿਰੀਆਂ ਵਿਚ ਧਨ ਅਤੇ ਵਕਤ ਬਰਬਾਦ ਹੋਣ ਦੇ ਨਾਲ ਪੱਖਪਾਤ ਅਤੇ ਰਿਸ਼ਵਤ ਖੋਰੀ ਵੀ ਚਲ ਰਹੀ ਸੀ। ਸਤਿਗੁਰੂ ਜੀ ਨੇ ਆਪਸੀ ਝਗੜੇ ਕਚਹਿਰੀ ਵਿਚ ਲੈ ਜਾਣ ਤੋਂ ਮਨ੍ਹਾ ਕੀਤਾ। ਆਪਣਿਆਂ ਝਗੜਿਆਂ ਦੇ ਫੈਸਲੇ ਇਲਾਕੇ ਦੇ ਸੂਬੇ ਕੋਲੋਂ ਜਾਂ ਪੰਚਾਇਤ ਕੋਲੋਂ ਕਰਵਾਉਣ ਦਾ ਆਦੇਸ਼ ਦਿੱਤਾ।

ਸਤਿਗੁਰੂ ਜੀ ਨੇ ਸਰਕਾਰੀ ਨੌਕਰੀ ਦਾ ਵੀ ਬਾਈਕਾਟ ਕੀਤਾ

ਇਹ ਸਾਰੀਆਂ ਗੱਲਾਂ ਅੰਗਰੇਜ਼ੀ ਸਰਕਾਰ ਵਿਰੁਧ ਸਿੱਧੀ ਬਗਾਵਤ ਸੀ ਅਤੇ ਸੂਬਿਆਂ ਦੀ ਰਚਨਾ ਇਕ ਸਾਂਵੀਂ ਹਕੂਮਤ (PARALLEL GOVERNMENT) ਦੀ ਲਖਾਇਕ ਸੀ

ਸਵਰਗ ਵਾਸੀ ਡਾ: ਰਾਜਿੰਦਰ ਪਰਸ਼ਾਦ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਸਤਰ੍ਹਾਂ ਲਿਖਦੇ ਹਨ:-

ਗੁਰੂ ਰਾਮ ਸਿੰਘ ਜੀ ਸੁਤੰਤਰਤਾ ਨੂੰ ਭੀ ਧਰਮ ਦਾ ਅੰਗ ਮੰਨਦੇ ਸਨ। ਨਾਮਧਾਰੀਆਂ ਦਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਸੀ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਨੇ ਜੋ ਨਾਮਿਲਵਰਤਣ ਲਹਿਰ ਇੰਨੇ ਜੋਰ ਨਾਲ ਚਲਾਈ ਸੀ ਉਸਨੂੰ ਗੁਰੂ ਰਾਮ ਸਿੰਘ ਜੀ ਨੇ ੫੦ ਵਰ੍ਹੇ ਪਹਿਲਾਂ ਹੀ ਨਾਮਧਾਰੀਆਂ ਵਿਚ ਪਰਚਾਰਿਆ ਸੀ। ਉਨ੍ਹਾਂ ਦੇ ਸਿਧਾਂਤ ਵਿਚ ਪੰਜ ਚੀਜ਼ਾਂ ਹਨ

(੧) ਸਰਕਾਰੀ ਨੌਕਰੀ ਦਾ ਬਾਈਕਾਟ।
(੨) ਸਰਕਾਰੀ ਸਕੂਲਾਂ ਦਾ ਬਾਈਕਾਟ।
(੩) ਸਰਕਾਰੀ ਅਦਾਲਤਾਂ ਦਾ ਬਾਈਕਾਟ।
(੪) ਬਦੇਸ਼ੀ ਬਸਤਰਾਂ ਦਾ ਬਾਈਕਾਟ।
(੫) ਐਸੇ ਕਾਨੂੰਨ ਮੰਨਣ ਤੋਂ ਇਨਕਾਰ ਜੋ ਆਪਣੀ ਆਤਮਾ ਦੇ ਵਿਰੋਧ ਹੋਣ।

Sri Satguru Jagjit Singh Ji Elibrary NamdhariElibrary@gmail.com

NO. 41

DATE

ਪਹਿਲਾਂ ਪਹਿਲ ਇਹ ਲਹਿਰ ਨਿਰੋਲ ਧਾਰਮਕ ਜਾਪਦੀ ਸੀ ਪਰ ਹੌਲੀ ਹੌਲੀ ਇਸ ਨੇ ਅਪਣੇ ਦੂਸਰੇ ਮੰਨੋਰਥਾਂ ਦਾ ਵੀ ਪ੍ਰਗਟਾਵਾ ਸ਼ੁਰੂ ਕਰ ਦਿੱਤਾ ਸੀ।

ਅੰਬਾਲੇ ਦੇ ਕਮਿਸ਼ਨਰ ਨੇ ਲਿਖਿਆ ਸੀ:-

*I see in the early papers that Ram Singh was looked upon as a successor or actual embodiment of Guru Nanak, the saint. He is now, the representative of Govind, the warrior.*

ਭਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਸ੍ਰੀ ਸਤਿਗੁਰ ਨਾਨਕ ਦੇਵ ਜੀ ਵਾਂਗੂ ਸਾਧੂ ਸਭਾ ਸਨ ਪਰ ਹੁਣ ਉਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਾਂਗੂ ਦਲੇਰ ਅਤੇ ਕਿਸੇ ਤੋਂ ਨ ਡਰਨ ਵਾਲੇ ਲੜਾਕੇ ਜੋਧੇ ਹਨ।

ਪੰਡਿਤ ਜਵਾਹਰ ਲਾਲ ਨਹਿਰੂ ਜੀ ਲਿਖਦੇ ਹਨ :-

*Congress followed the path shown by Satguru Ram Singh ji and attained independence of India.*

ਭਾਵ ਕਾਂਗਰਸ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਚਾਰੇ ਹੋਏ ਤਰੀਕੇ ਨਾਲ ਹੀ ਆਜ਼ਾਦੀ ਹਾਸਲ ਕੀਤੀ ਸੀ।